
ਮਰਹੂਮ ਕਹਾਣੀਕਾਰ
ਲਾਲ ਸਿੰਘ ਦਸੂਹਾ ਜੀ
ਦੀ ਯਾਦ ਨੂੰ ਸਮਰਪਿਤ
ਹਫ਼ਤਾਵਰੀ ਆਨਲਾਈਨ ਮੈਗਜੀਨ
ਅਦਬੀ ਵਿਰਾਸਤ
ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ
(ਰਜਿ.) ਪੰਜਾਬ
ਅਦਬੀ ਵਿਰਾਸਤ
ਮੈਗਜ਼ੀਨ
ਅੰਕ 09
20/07/2026 ਤੋਂ 27/07/2026 ਤੱਕ
ਵੱਲੋਂ :-
ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ
(ਰਜਿ.) ਪੰਜਾਬ
ਚੈਅਰਮੈਨ
ਪ੍ਰਬੰਧਕੀ ਸੰਪਾਦਕ
ਮੁੱਖ ਸੰਪਾਦਕ
ਇੰਚਾਰਜ
ਸੁਖਪਾਲਵੀਰ ਸਿੰਘ ਕੈਲਗਰੀ
ਅਮਰਜੀਤ ਸਿੰਘ ਦਸੂਹਾ
ਭੁਪਿੰਦਰ ਸਿੰਘ ਰਾਜਾ
ਗੁਰਪ੍ਰੀਤ ਸਿੰਘ ਪ੍ਰੀਤ ਹੈਪੀ ਸਹੋਤਾ

ਹਫ਼ਤਾਵਾਰੀ ਆਨਲਾਈਨ ਮੈਗਜ਼ੀਨ

ਅੰਕ- 09 **ਅਦਬੀ ਵਿਰਾਸਤ** ੳ

538 - 632, ਸਥਾਪਨਾ ਦਸੂਹਾ ,20/07/2026 ਤੋਂ 26/07/2026 ( ਨਾਨਕਸ਼ਾਹੀ ਸੰਮਤ 11 ਸਾਵਣ 558) adbivirsat@gmail.com




ਅਦਬੀ ਵਿਰਾਸਤ ਮੈਗਜ਼ੀਨ ਨੂੰ ਪਿਆਰ ਸਤਿਕਾਰ ਦੇਣ ਵਾਲੇ ਸਾਰੇ ਸਮੂਹ ਲੇਖਕਾਂ, ਪਾਠਕਾਂ ਅਤੇ ਸਾਹਿਤ ਪ੍ਰੇਮੀਆਂ ਦੇ ਅਸੀਂ ਹਿਰਦੇ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਹਾਂ।ਆਪ ਸਭਨੇ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਸਾਡੇ ਮੈਗਜ਼ੀਨ ਨੂੰ ਬੇਸ਼ੁਮਾਰ ਪਿਆਰ ਸਤਿਕਾਰ ਬਖਸ਼ ਕੇ ਸਾਡੇ ਹੌਂਸਲੇ ਬੁਲੰਦ ਕਰ ਦਿੱਤੇ ਹਨ। ਅਸੀਂ ਆਪ ਦੀਆਂ ਉਮੀਦਾਂ ਤੇ ਖਰੇ ਉਤਰਨ ਲਈ ਦਿਨ ਰਾਤ ਮਿਹਨਤ ਕਰਦੇ ਰਹਾਂਗੇ । ਇਸ ਦੇ ਨਾਲ਼ ਨਾਲ਼ ਆਪ ਤੋਂ ਵੀ ਆਸ ਕਰਦੇ ਹਾਂ ਕਿ ਆਪ ਵੀ ਇਸੇ ਤਰ੍ਹਾਂ ਆਪਣਾ ਪਿਆਰ ਸਾਡੀ ਝੋਲੀ ਪਾਉਂਦੇ ਰਹੋਗੇ। ਆਪ ਦੇ ਪਿਆਰ ਸਤਿਕਾਰ ਦੇ ਲਗਾਏ ਖੰਭਾਂ ਦੇ ਨਾਲ ਅਸੀਂ ਸਾਰੇ ਸਾਹਿਤ ਜਗਤ ਦੇ ਅਸਮਾਨ ਵਿੱਚ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਅਣਥੱਕ ਮਿਹਨਤ ਨਾਲ ਉਡਾਰੀਆਂ ਲਗਾਉਂਦੇ ਰਹਾਂਗੇ। ਵਿਸ਼ੇਸ਼ ਤੌਰ ਤੇ ਧੰਨਵਾਦ ਕਰਦੇ ਹਾਂ ਉਹਨਾਂ ਅਧਿਆਪਕ ਸਾਹਿਬਾਨਾਂ ਅਤੇ ਵਿਦਿਆਰਥੀਆਂ ਦਾ ਜਿਹਨਾ ਨੇ ਵਾਤਾਵਰਨ ਦਿਵਸ ਨੂੰ ਅਹਿਮੀਅਤ ਦਿੰਦੇ ਹੋਏ ਲੋਕਾਂ ਨੂੰ ਵਾਤਾਵਰਨ ਦੀ ਸ਼ੁੱਧਤਾ ਲਈ ਸੰਦੇਸ਼ ਦੇਣ ਵਿੱਚ ਸਾਡੀ ਸਹਾਇਤਾ ਕੀਤੀ ਹੈ। ਇੱਕ ਵਾਰ ਫਿਰ ਤੋਂ ਆਪ ਸਭ ਦਾ ਹਿਰਦੇ ਦੀਆਂ ਗਹਿਰਾਈਆਂ ਤੋਂ ਕੋਟਿ ਕੋਟਿ ਧੰਨਵਾਦ।

**ਅਦਬੀ ਵਿਰਾਸਤ ਮੈਗਜ਼ੀਨ**




ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਰੀ ਆਨਲਾਈਨ ਮੈਗਜ਼ੀਨ
ਅੰਕ- 09 ਅਦਬੀ ਵਿਰਾਸਤ ਅ
538 - 632, ਸਥਾਪਨਾ ਦਸੂਹਾ ,20/07/2026 ਤੋਂ 26/07/2026 ( ਨਾਨਕਸ਼ਾਹੀ ਸੰਮਤ 11 ਸਾਵਣ 558) adbivirsat@gmail.com

# ਮਨ, ਸਰੀਰ ਅਤੇ ਸਿਹਤ : ਅੰਦਰੂਨੀ ਤੰਦਰੁਸਤੀ ਦਾ ਮਨੋਵਿਗਿਆਨਕ ਤਾਲਮੇਲ

## ਸਿਹਤ ਸੰਭਾਲ



ਡਾ. ਪਰਦੀਪ ਨਾਂਗਲੂ
ਮਨੋਵਿਗਿਆਨੀ
ਕੈਲੇਫੋਰਨੀਆ

ਮਨ ਅਤੇ ਸਰੀਰ ਦਾ ਰਿਸ਼ਤਾ ਬਹੁਤ ਹੀ ਡੂੰਘਾ ਅਤੇ ਅਹਿਮ ਹੈ। ਆਮ ਤੌਰ 'ਤੇ ਅਸੀਂ ਸਿਹਤ ਨੂੰ ਸਿਰਫ਼ ਸਰੀਰ ਨਾਲ ਜੋੜ ਕੇ ਵੇਖਦੇ ਹਾਂ, ਪਰ ਮਨੋਵਿਗਿਆਨ ਸਾਨੂੰ ਦੱਸਦਾ ਹੈ ਕਿ ਸਾਡੀਆਂ ਸੋਚਾਂ, ਭਾਵਨਾਵਾਂ ਅਤੇ ਵਿਸ਼ਵਾਸ ਸਾਡੇ ਸਰੀਰਕ ਸਿਹਤ 'ਤੇ ਡੂੰਘਾ ਪ੍ਰਭਾਵ ਪਾਂਦੇ ਹਨ। ਅਸਲ ਵਿੱਚ, ਸਿਹਤ ਸਿਰਫ਼ ਰੋਗ ਦੀ ਗੈਰਹਾਜ਼ਰੀ ਨਹੀਂ, ਸਗੋਂ ਮਨ ਅਤੇ ਸਰੀਰ ਵਿਚਕਾਰ ਸੰਤੁਲਨ ਦੀ ਅਵਸਥਾ ਹੈ।

ਮਨੋਵਿਗਿਆਨਕ ਪੱਖ ਤੋਂ ਵੇਖਿਆ ਜਾਵੇ ਤਾਂ ਕਈ ਵਾਰ ਬਿਮਾਰੀਆਂ ਸਿਰਫ਼ ਸਰੀਰ ਤੋਂ ਨਹੀਂ, ਸਗੋਂ ਮਨ ਦੇ ਅੰਦਰ ਬਣ ਰਹੇ ਨਮੂਨਿਆਂ ਤੋਂ ਸ਼ੁਰੂ ਹੁੰਦੀਆਂ ਹਨ। ਜਦੋਂ ਕੋਈ ਵਿਅਕਤੀ ਲਗਾਤਾਰ ਡਰ ਜਾਂ ਨਕਾਰਾਤਮਕ ਸੋਚ ਵਿੱਚ ਜੀਵਨ ਬਿਤਾਉਂਦਾ ਹੈ, ਤਾਂ ਇਹ ਮਨਸਿਕ ਅਵਸਥਾ ਹੌਲੀ-ਹੌਲੀ ਸਰੀਰ 'ਤੇ ਅਸਰ ਪਾਉਣ ਲੱਗਦੀ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਹਰ ਬਿਮਾਰੀ ਮਨ ਦੀ ਹੀ ਪੈਦਾਵਾਰ ਹੈ, ਪਰ ਇਹ ਜ਼ਰੂਰ ਸੱਚ ਹੈ ਕਿ ਮਨ ਅਤੇ ਸਰੀਰ ਵਿਚਕਾਰ ਲਗਾਤਾਰ ਸੰਚਾਰ ਹੁੰਦਾ ਹੈ।

ਅਵਚੇਤਨ ਮਨ (Subconscious Mind) ਇਸ ਪ੍ਰਕਿਰਿਆ ਵਿੱਚ ਕੇਂਦਰੀ ਭੂਮਿਕਾ ਨਿਭਾਂਦਾ ਹੈ। ਇਹ ਸਾਡੇ ਪੁਰਾਣੇ ਤਜਰਬਿਆਂ, ਪਰਿਵਾਰਕ ਸਿੱਖਿਆ ਅਤੇ ਸਮਾਜਿਕ ਪ੍ਰਭਾਵਾਂ ਨੂੰ ਆਪਣੇ ਵਿੱਚ ਸੰਭਾਲ ਕੇ ਰੱਖਦਾ ਹੈ। ਇਹ ਸਾਰੇ ਤੱਤ ਮਿਲ ਕੇ ਇੱਕ ਮਨਸਿਕ ਢਾਂਚਾ ਬਣਾਉਂਦੇ ਹਨ, ਜੋ ਸਾਡੇ ਸਰੀਰ ਦੀ ਪ੍ਰਤੀਕਿਰਿਆ ਨੂੰ ਪ੍ਰਭਾਵਿਤ ਕਰਦਾ ਹੈ। ਜੇ ਕੋਈ ਵਿਅਕਤੀ ਆਪਣੇ ਆਪ ਨੂੰ ਕਮਜ਼ੋਰ ਜਾਂ ਬਿਮਾਰ ਮੰਨਦਾ ਰਹਿੰਦਾ ਹੈ, ਤਾਂ ਇਹ ਵਿਸ਼ਵਾਸ ਉਸ ਦੇ ਸਰੀਰ 'ਤੇ ਅਸਰ ਕਰ ਸਕਦਾ ਹੈ। ਇਸ ਦੇ ਉਲਟ, ਸਕਾਰਾਤਮਕ ਸੋਚ, ਆਤਮ-ਵਿਸ਼ਵਾਸ ਅਤੇ ਮਨ ਦੀ ਸ਼ਾਂਤੀ ਸਰੀਰ ਨੂੰ ਮਜ਼ਬੂਤ ਬਣਾਉਂਦੇ ਹਨ।

ਮਨ ਅਤੇ ਸਰੀਰ ਨੂੰ ਵੱਖਰਾ ਸਮਝਣਾ ਅੱਜ ਦੇ ਸਮੇਂ ਵਿੱਚ ਠੀਕ ਨਹੀਂ ਮੰਨਿਆ ਜਾਂਦਾ। ਦੋਵੇਂ ਇੱਕ ਹੀ ਪ੍ਰਣਾਲੀ ਦੇ ਹਿੱਸੇ ਹਨ। ਉਦਾਹਰਨ ਲਈ, ਜਦੋਂ ਕੋਈ ਵਿਅਕਤੀ ਤਣਾਅ ਵਿੱਚ ਹੁੰਦਾ ਹੈ, ਤਾਂ ਉਸ ਦਾ ਸਰੀਰ ਵੀ ਪ੍ਰਭਾਵਿਤ ਹੁੰਦਾ ਹੈ—ਰਕਤਚਾਪ ਵੱਧ ਸਕਦਾ ਹੈ, ਰੋਗ-ਪਰਤੀਰੋਧਕ ਤਾਕਤ ਘੱਟ ਹੋ ਸਕਦੀ ਹੈ ਅਤੇ ਹੋਰ ਸਰੀਰਕ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਦੂਜੇ ਪਾਸੇ, ਜੇ ਮਨ ਸ਼ਾਂਤ ਅਤੇ ਸੰਤੁਲਿਤ ਹੈ, ਤਾਂ ਸਰੀਰ ਦੀ ਚੰਗਿਆਈ ਦੀ ਪ੍ਰਕਿਰਿਆ ਤੇਜ਼ ਹੋ ਜਾਂਦੀ ਹੈ। ਇਸ ਲਈ ਧਿਆਨ (Meditation), ਮਾਈਂਡਫੁਲਨੈੱਸ ਅਤੇ ਮਨੋਚਿਕਿਤਸਾ ਅੱਜਕੱਲ੍ਹ ਬਹੁਤ ਮਹੱਤਵਪੂਰਨ ਮੰਨੇ ਜਾਂਦੇ ਹਨ।

ਸਮਾਜਿਕ ਅਤੇ ਸੱਭਿਆਚਾਰਕ ਪ੍ਰਭਾਵ ਵੀ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ। ਕਈ ਵਾਰ ਲੋਕ ਆਪਣੇ ਆਲੇ-ਦੁਆਲੇ ਦੇ ਡਰ ਅਤੇ ਵਿਸ਼ਵਾਸਾਂ ਨੂੰ ਅਪਣਾ ਲੈਂਦੇ ਹਨ, ਜਿਸ ਨਾਲ ਉਹ ਬਿਮਾਰੀਆਂ ਵੱਲ ਜ਼ਿਆਦਾ ਸੰਵੇਦਨਸ਼ੀਲ ਹੋ ਜਾਂਦੇ ਹਨ। ਜੇ ਕਿਸੇ ਸਮਾਜ ਵਿੱਚ ਡਰ ਅਤੇ ਨਕਾਰਾਤਮਕ ਸੋਚ ਵੱਧ ਹੈ, ਤਾਂ ਉਹ ਲੋਕਾਂ ਦੀ ਮਨਸਿਕਤਾ 'ਤੇ ਅਸਰ ਕਰਦੀ ਹੈ। ਇਸ ਦੇ ਉਲਟ, ਜੋ ਵਿਅਕਤੀ ਆਪਣੇ ਵਿਚਾਰਾਂ ਨੂੰ ਸਮਝਦਾ ਹੈ ਅਤੇ ਸਵੈ-ਜਾਗਰੂਕ ਹੁੰਦਾ ਹੈ, ਉਹ ਇਨ੍ਹਾਂ ਪ੍ਰਭਾਵਾਂ ਤੋਂ ਘੱਟ ਪ੍ਰਭਾਵਿਤ ਹੁੰਦਾ ਹੈ।

ਇਹ ਵੀ ਜ਼ਰੂਰੀ ਹੈ ਕਿ ਅਸੀਂ ਸਿਹਤ ਨੂੰ ਸਿਰਫ਼ ਮਨ ਨਾਲ ਹੀ ਨਾ ਜੋੜੀਏ। ਸਰੀਰਕ, ਵਾਤਾਵਰਣਕ ਅਤੇ ਵਿਰਾਸਤੀ ਕਾਰਕ ਵੀ ਬਿਮਾਰੀਆਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਂਦੇ ਹਨ। ਇਸ ਲਈ ਸਿਹਤ ਨੂੰ ਸਮਝਣ ਲਈ ਇੱਕ ਸੰਪੂਰਨ ਦਰਿਸ਼ਟੀਕੋਣ (Holistic Approach) ਦੀ ਲੋੜ ਹੈ, ਜਿਸ ਵਿੱਚ ਮਨ ਅਤੇ ਸਰੀਰ ਦੋਵਾਂ ਨੂੰ ਇਕੱਠੇ ਸਮਝਿਆ ਜਾਵੇ।

ਮਨੋ-ਸਰੀਰਕ ਬਿਮਾਰੀਆਂ (Psychosomatic Illnesses) ਇਸ ਗੱਲ ਦਾ ਸਪਸ਼ਟ ਉਦਾਹਰਨ ਹਨ ਕਿ ਮਨ ਸਰੀਰ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ। ਲੰਮੇ ਸਮੇਂ ਦਾ ਦਰਦ, ਪੇਟ ਦੀਆਂ ਸਮੱਸਿਆਵਾਂ ਜਾਂ ਦਿਲ ਦੀਆਂ ਬਿਮਾਰੀਆਂ ਕਈ ਵਾਰ ਤਣਾਅ ਅਤੇ ਚਿੰਤਾ ਨਾਲ ਜੁੜੀਆਂ ਹੁੰਦੀਆਂ ਹਨ। ਇਹ ਬਿਮਾਰੀਆਂ ਹਕੀਕਤ ਹੁੰਦੀਆਂ ਹਨ, ਪਰ ਉਨ੍ਹਾਂ ਦੇ ਪਿੱਛੇ ਮਨਸਿਕ ਕਾਰਕ ਵੀ ਕੰਮ ਕਰਦੇ ਹਨ।

ਇਸ ਦਰਿਸ਼ਟੀਕੋਣ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਬਦਲਾਅ ਸੰਭਵ ਹੈ। ਜੇ ਨਕਾਰਾਤਮਕ ਸੋਚ ਸਿੱਖੀ ਜਾ ਸਕਦੀ ਹੈ, ਤਾਂ ਉਸਨੂੰ ਬਦਲਿਆ ਵੀ ਜਾ ਸਕਦਾ ਹੈ। ਜਾਗਰੂਕਤਾ, ਸਕਾਰਾਤਮਕ ਸੋਚ ਅਤੇ ਮਨੋਵਿਗਿਆਨਕ ਤਕਨੀਕਾਂ ਦੀ ਮਦਦ ਨਾਲ ਵਿਅਕਤੀ ਆਪਣੇ ਜੀਵਨ ਵਿੱਚ ਸੁਧਾਰ ਕਰ ਸਕਦਾ ਹੈ।

ਅੰਤ ਵਿੱਚ, ਇਹ ਕਹਿਣਾ ਠੀਕ ਹੈ ਕਿ ਮਨ ਸਿਰਫ਼ ਸਰੀਰ ਨੂੰ ਦੇਖਣ ਵਾਲਾ ਨਹੀਂ, ਸਗੋਂ ਉਸਦਾ ਸਾਥੀ ਹੈ। ਜਦੋਂ ਮਨ ਅਤੇ ਸਰੀਰ ਵਿੱਚ ਸੰਤੁਲਨ ਬਣ ਜਾਂਦਾ ਹੈ, ਤਦੋਂ ਹੀ ਅਸਲੀ ਸਿਹਤ ਪ੍ਰਾਪਤ ਹੁੰਦੀ ਹੈ।



ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।
"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"
E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212


ਹਫ਼ਤਾਵਰੀ ਆਨਲਾਈਨ ਮੈਗਜ਼ੀਨ
ਅੰਕ- 09 ਅਦਬੀ ਵਿਰਾਸਤ ੲ
538 - 632, ਸਥਾਪਨਾ ਦਸੂਹਾ ,20/07/2026 ਤੋਂ 26/07/2026 ( ਨਾਨਕਸ਼ਾਹੀ ਸੰਮਤ 11 ਸਾਵਣ 558) adbivirsat@gmail.com

# ਜਨਮਦਿਨ ਮੁਬਾਰਕ

## ਨਾਮ : ਅਵਨੂਰ ਕੌਰ
## ਮਾਤਾ : ਕ੍ਰਿਪਾਲ ਕੌਰ
## ਪਿਆ ਜਗਜੀਤ ਸਿੰਘ ਮਿੱਡਾ
## ਪਿੰਡ : ਰੁੜਕੀ ਕਲਾਂ
# ਮਲੇਰਕੋਟਲਾ



ਮੁਬਾਰਕਬਾਦ
ਅਤੇ
ਸ਼ੁੱਭ ਕਾਮਨਾਵਾਂ




ਮਿੱਡਾ ਫੈਮਿਲੀ ਦੀ ਧੀ ਰਾਣੀ ਨਾਂ ਜਿਸ ਦਾ ਅਵਨੂਰ ।
ਕਿਰਪਾਲ ਕੌਰ ਜਗਜੀਤ ਸਿੰਘ ਦੇ ਹੈ ਵਿਹੜੇ ਦਾ ਨੂਰ ।
ਸ਼ਹਿਰ ਮਲੇਰਕੋਟਲੇ ਤੋਂ ਛੇ ਸੱਤ ਕੁ ਮੀਲ ਹੈ ਦੂਰ ।
ਪੜ੍ਹ ਲਿਖ ਕੇ ਪਿੰਡ ਰੁੜਕੀ ਕਲਾਂ ਦਾ ਨਾਮ ਕਰੇ ਮਸ਼ਹੂਰ।
ਚੌਵੀ ਜੁਲਾਈ ਦਾ ਉਹ ਵੇਲ਼ਾ ਓਹੀ ਘੜੀ ਹੈ ਆਈ ।
ਜਨਮ ਦਿਵਸ ਦੀ ਪਿੰਡ ਰੰਚਣਾਂ ਵਾਲ਼ੇ ਵੱਲੋਂ ਵਧਾਈ ।
ਦਾਦਾ ਜੀ ਨਾ ਰਲ਼ ਕੇ ਪਵਨ ਪੰਜਾਬੀ ਖ਼ੁਸ਼ੀ ਮਨਾਈ ।
ਕਹਿਣ ਸਿਆਣੇ ਖ਼ੁਸ਼ੀ ਵੰਡਿਆਂ ਹੋ ਜਾਏ ਦੂਣ ਸਵਾਈ ।

ਪ੍ਰਬੰਧਕੀ ਸੰਪਾਦਕ ਅਮਰਜੀਤ ਸਿੰਘ ਦਸੂਹਾ 89689 33711
ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।
"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ ।"
E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212
ਮੁੱਖ ਸੰਪਾਦਕ ਭੁਪਿੰਦਰ ਸਿੰਘ ਰਾਜਾ 98720 79212 78372 79212

ਹਫ਼ਤਾਵਰੀ ਆਨਲਾਈਨ ਮੈਗਜ਼ੀਨ
ਅੰਕ- 09 ਅਦਬੀ ਵਿਰਾਸਤ ਸ
538 - 632, ਸਥਾਪਨਾ ਦਸੂਹਾ ,20/07/2026 ਤੋਂ 26/07/2026 ( ਨਾਨਕਸ਼ਾਹੀ ਸੰਮਤ 11 ਸਾਵਣ 558) adbivirsat@gmail.com

ਮਿੰਨੀ ਕਹਾਣੀ

# ਡਰਾਵਣੀ ਚੁੜੇਲ

ਇੱਕ ਪਿੰਡ ਵਿੱਚ ਇੱਕ ਡਰਾਵਣੀ ਚੁੜੇਲ ਰਹਿੰਦੀ ਸੀ । ਉਹ ਰਾਤ ਨੂੰ ਰਾਹ ਵਿੱਚੋਂ ਲੰਘਣ ਵਾਲੇ ਵਿਅਕਤੀਆਂ ਨੂੰ ਮਾਰ ਕੇ ਉਹਨਾਂ ਦਾ ਖੂਨ ਪੀ ਜਾਂਦੀ ਸੀ । ਇੱਕ ਪਿੰਡ ਵਿੱਚ ਇੱਕ ਰਾਮ ਨਾਮ ਦਾ ਵਿਅਕਤੀ ਰਹਿੰਦਾ ਸੀ ।

ਉਹ ਕੰਮ ਦੀ ਖੋਜ ਵਿੱਚ ਇਧਰ-ਉੱਧਰ ਭਟਕ ਰਿਹਾ ਸੀ । ਰਾਮ ਉਸੇ ਪਿੱਪਲ ਦੇ ਦਰੱਖਤ ਕੋਲੋਂ ਲੰਘ ਰਿਹਾ ਸੀ । ਉਸਨੂੰ ਰਾਤ ਹੋ ਗਈ ਸੀ ।

ਉਸਨੇ ਪਿੱਪਲ ਦੇ ਦਰੱਖਤ ਹੇਠਾਂ ਰਾਤ ਬਿਤਾਉਣ ਦਾ ਫੈਸਲਾ ਕੀਤਾ । ਉਸ ਦਰੱਖਤ ਉੱਤੇ ਚੁੜੈਲ ਬੈਠੀ ਹੋਈ ਸੀ । ਉਸ ਚੁੜੇਲ ਨੇ ਦੇਖਿਆ,"ਦਰੱਖਤ ਹੇਠਾਂ ਇੱਕ ਵਿਅਕਤੀ ਬੈਠਾ ਹੋਇਆ ਹੈ।"

ਉਸਨੇ ਸੋਚਿਆ,"ਇਸ ਵਿਅਕਤੀ ਨੂੰ ਖਾਣਾ ਚਾਹੀਦਾ ਹੈ ।" ਚੁੜੇਲ ਦਰੱਖਤ ਤੋਂ ਹੇਠਾਂ ਉਤਰੀ ਤੇ ਉਸ ਨੂੰ ਖਾਣ ਲੱਗੀ ।

ਰਾਮ ਨੇ ਕਿਹਾ,"ਮੈਨੂੰ ਨਾ ਖਾ ।"

ਚੁੜੇਲ ਨੇ ਉਸ ਤੋਂ ਪੁੱਛਿਆ, "ਮੈਂ ਤੈਨੂੰ ਕਿਉਂ ਨਾ ਖਾਵਾਂ ।" ਤਾਂ ਰਾਮ ਨੇ ਕਿਹਾ,"ਮੈਂ ਬੇਰੁਜ਼ਗਾਰ ਹਾਂ । ਜੇਕਰ ਮੈਂ ਕੰਮ ਦੀ ਭਾਲ ਨਹੀਂ ਕਰਾਂਗਾ, ਤਾਂ ਮੇਰਾ ਪਰਿਵਾਰ ਭੁੱਖਾ ਮਰ ਜਾਵੇਗਾ।"

ਇਹ ਸੁਣ ਕੇ ਚੁੜੇਲ ਨੂੰ ਉਸਦਾ ਮਨੁੱਖੀ ਜੀਵਨ ਯਾਦ ਆ ਗਿਆ,ਜਿਸ ਵਿੱਚ ਉਹ ਆਪਣੇ ਪਰਿਵਾਰ ਨਾਲ ਖੁਸ਼ੀ-ਖੁਸ਼ੀ ਰਹਿੰਦੀ ਸੀ ।ਇੱਕ ਦੁਰਘਟਨਾ ਵਿੱਚ ਉਹ ਆਪਣੇ ਪਰਿਵਾਰ ਤੋਂ ਦੂਰ ਹੋ ਗਈ ਤੇ ਉਸਦੀ ਮੌਤ ਹੋ ਗਈ ।

ਇਹ ਯਾਦ ਕਰਕੇ ਉਸਨੂੰ ਆਪਣੇ ਪਰਿਵਾਰ ਦੀ ਯਾਦ ਆ ਗਈ । ਉਸਨੇ ਰਾਮ ਤੋਂ ਉਸਦੇ ਪਰਿਵਾਰ ਬਾਰੇ ਪੁੱਛਿਆ, ਤਾਂ ਉਸਨੇ ਦੱਸਿਆ ਕਿ ਉਸਦੇ ਪਰਿਵਾਰ ਵਿੱਚ ਉਸਦੀ ਪਤਨੀ ਤੇ ਉਸਦੀ ਇੱਕ ਬੇਟੀ ਹੈ ।

ਇਹ ਸੁਣ ਕੇ ਚੁੜੇਲ ਨੇ ਉਸ ਨੂੰ ਜਾਦੂਈ ਘੜਾ ਦਿੱਤਾ । ਉਸ ਘੜੇ ਵਿੱਚ ਕੁੱਝ ਵੀ ਪਾਉਣ 'ਤੇ ਘੜਾ ਉਸਨੂੰ ਵਧਾ ਦਿੰਦਾ ਸੀ।

ਉਸ ਘੜੇ ਨੂੰ ਲੈ ਕੇ ਰਾਮ ਆਪਣੇ ਘਰ ਗਿਆ ਤੇ ਉਸਨੇ ਸਾਰੀ ਘਟਨਾ ਆਪਣੀ ਪਤਨੀ ਨੂੰ ਦੱਸੀ ।

ਪਤਨੀ ਹੈਰਾਨ ਰਹਿ ਗਈ। ਉਸਨੇ ਘੜੇ ਵਿੱਚ ਇੱਕ ਸਿੱਕਾ ਪਾਇਆ ਤਾਂ ਘੜਾ ਸਿੱਕਿਆਂ ਨਾਲ ਭਰ ਗਿਆ। ਇਹ ਦੇਖ ਕੇ ਰਾਮ ਅਤੇ ਉਸਦਾ ਪਰਿਵਾਰ ਖੁਸ਼ ਹੋ ਗਿਆ ।

ਇਸ ਤਰ੍ਹਾਂ ਰਾਮ ਜੀਵਨ ਵਿੱਚ ਸਫ਼ਲ ਹੋ ਗਿਆ।

ਇਕ ਦਿਨ ਰਾਮ ਉਸੇ ਪਿੱਪਲ ਦੇ ਦਰੱਖਤ ਹੇਠਾਂ ਗਿਆ ਤੇ ਉਸਨੇ ਚੁੜੇਲ ਨੂੰ ਬੁਲਾਇਆ ਤੇ ਹਵਨ ਕਰਾ ਕੇ ਉਸ ਚੁੜੇਲ ਨੂੰ ਉਸ ਰੂਪ ਤੋਂ ਮੁਕਤ ਕਰਾ ਦਿੱਤਾ ਤੇ ਚੁੜੇਲ ਆਪਣੀ ਦਰੱਖਤ ਦੀ ਕੈਦ ਤੋਂ ਮੁਕਤ ਹੋ ਗਈ ।



ਪ੍ਰੇਰਕ ਅਧਿਆਪਕਾ
ਸ਼੍ਰੀਮਤੀ ਅਨੀਤਾ 'ਨਵ' ਵਸ਼ਿਸ਼ਟ
ਅੰਗਰੇਜ਼ੀ ਅਧਿਆਪਕਾ
ਸਰਕਾਰੀ ਹਾਈ ਸਕੂਲ
ਬਸਿਆਲਾ, ਜ਼ਿਲ੍ਹਾ ਹੁਸ਼ਿਆਰਪੁਰ

ਬਾਲ ਲੇਖਿਕਾ
ਖੁਸ਼ੀ ਕੌਰ
ਜਮਾਤ ਦਸਵੀਂ
ਸਰਕਾਰੀ ਹਾਈ ਸਕੂਲ
ਬਸਿਆਲਾ , ਜ਼ਿਲ੍ਹਾ ਹੁਸ਼ਿਆਰਪੁਰ






ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।
"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ ।"
E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਾਰੀ ਆਨਲਾਈਨ ਮੈਗਜ਼ੀਨ
ਅੰਕ- 09 ਅਦਬੀ ਵਿਰਾਸਤ
538 - 632, ਸਥਾਪਨਾ ਦਸੂਹਾ ,20/07/2026 ਤੋਂ 26/07/2026 ( ਨਾਨਕਸ਼ਾਹੀ ਸੰਮਤ 11 ਸਾਵਣ 558) adbivirsat@gmail.com

# ਬੰਦੇ ਦੀ ਕੀਮਤ



ਭਤੀਜ ਕੀ ਹੋ ਰਿਹਾ ਸਵੇਰੇ ਸਵੇਰੇ....'
ਚਾਚਾ ਇੰਦਰ ਸਿੰਘ ਨੇ ਆਪਣੇ ਭਤੀਜੇ ਗੁਰਮੀਤ ਸਿੰਘ ਨੂੰ ਆਪਣੇ ਖੇਤ ਵਿਚ ਬਣੇ ਮੋਟਰ ਵਾਲੇ ਕੈਮਰੇ ਨੇੜੇ ਲੱਗੇ ਬਿਜਲੀ ਦੇ ਟਰਾਂਸਫਰਮਰ ਉੱਪਰ ਚੜ੍ਹੇ ਨੂੰ ਵੇਖ ਕੇ ਆਖਿਆ। 'ਚਾਚਾ ਜੀ... ਮੈਂ ਸੋਚਿਆ ਮੋਟਰ ਚਲਾ ਕੇ ਝੋਨੇ ਦੀ ਪਨੀਰੀ ਪਾਣੀ ਨਾਲ ਭਰ ਦਿਆਂ.. ਪਰ ਬੱਤੀ ਸ਼ੈਦ ਬੰਦ ਆ ਪਿੱਛਿਓਂ...'
'ਭਤੀਜ ਕੀ ਤੈਨੂੰ ਪਤਾ ਪਈ ਬਿਜਲੀ ਪਿੱਛਿਓਂ ਬੰਦ ਆ ?
'ਨਹੀਂ ਚਾਚਾ ਜੀ ... ਪੱਕਾ ਤੇ ਪਤਾ ਨੀ....'
'ਭਤੀਜ ਬਿਜਲੀ ਬੰਦ ਏ ਪਿੱਛਿਓਂ... ਰਾਤ ਹਨ੍ਹੇਰੀ ਆਈ ਸੀ.... ਪਰ ਬੱਤੀ ਕਿਹੜੇ ਵੇਲੇ ਆ ਜਾਏ ਕੋਈ ਪਤਾ ਨਹੀਂ... ਤੂੰ ਐਨਾ ਰਿਸਕ ਕਿਉਂ ਲੈ ਰਿਹਾਂ' ਬਲਬ ਲੱਗਾ ਹੋਇਆ ਏ ਖੰਭੇ ਨਾਲ.... ਜਦ ਬਿਜਲੀ ਆਏਗੀ ਪਤਾ ਲੱਗ ਜਾਏਗਾ..'' ਤਾਂ ਫਿਰ ਹੁਣੇ ਹੀ ਟ੍ਰਾਂਸਫਰਮਰ ਤੋਂ ਹੇਠਾਂ ਆ ਜਾ... ਐਨਾ ਰਿਸਕ ਚੰਗਾ ਨੀਂ ਹੁੰਦਾ ਮੈਨੂੰ ਲੱਗਦਾ ਆਹ । ਤੈਨੂੰ ਬੰਦੇ ਦੀ ਕੀਮਤ ਦਾ ਨਹੀਂ ਪਤਾ ' ਬੰਦੇ ਦੀ ਕੀਮਤ...?'
ਤੋਂ ਨੂੰ 'ਹਾਂ ਬੰਦੇ ਦੀ ਕੀਮਤ ਭਤੀਜ ਮੈਂ ਛੋਟੀ ਜਿਹੀ ਗੱਲ ਦੱਸਦਾਂ ਆਹ ਪਿਛਲੇ ਸਾਲ ਹੀ ਮੈਂ ਯੂਰਪ ਦੇ ਇਕ ਮੁਲਕ ਆਪਣੇ ਛੋਟੇ ਭਰਾ ਨੂੰ ਮਿਲਣ ਗਿਆ ਸੀ। ਅਸੀਂ ਇਕ ਦਿਨ ਉਸ ਦੀ ਗੱਡੀ (ਕਾਰ) ਵਿਚ ਬਾਹਰ ਘੁੰਮਣ ਜਾਣ ਦਾ ਪ੍ਰੋਗਰਾਮ ਬਣਾਇਆ।
ਅਸੀਂ ਗੱਡੀ ਵਿਚ ਗੈਸ ਭਰਾ ਕੇ ਗੈਸ ਸਟੇਸ਼ਨ ਤੋਂ ਬਾਹਰ ਨਿਕਲੇ ਹੀ ਸੀ ਕਿ ਉੱਥੇ ਸੜਕ ਦੇ ਉਪਰ ਹੀ ਇਕ ਛੋਟਾ ਜਿਹਾ ਐਕਸੀਡੈਂਟ ਹੋ ਗਿਆ। ਪੰਜ ਮਿੰਟ ਬਾਅਦ ਹੀ ਸੜਕ ਉਪਰ ਇਕ ਛੋਟਾ ਜਿਹਾ ਹੈਲੀਕਾਪਟਰ ਉਤਰਿਆ ਅਤੇ ਜ਼ਖਮੀ ਵਿਅਕਤੀ ਨੂੰ ਹੈਲੀਕਾਪਟਰ ਵਿਚ ਬਿਠਾ ਕੇ ਉੱਡ ਗਿਆ। ਰਸਤੇ ਵਿਚ ਮੇਰੇ ਭਰਾ ਨੇ ਮੈਨੂੰ ਦੱਸਿਆ', 'ਭਾਜੀ ਇਥੋਂ ਦੀ ਸਰਕਾਰ ਭਾਵੇਂ ਸਾਡੇ ਤੋਂ ਟੈਕਸ ਦੇ ਰੂਪ ਵਿਚ ਪੈਸੇ ਲੈਂਦੀ ਹੈ, ਪਰ ਇਸ ਦੇ ਬਦਲੇ ਵਿਚ ਸਾਡਾ ਖਿਆਲ ਵੀ ਬਹੁਤ ਰੱਖਦੀ ਏ.... ਇਨ੍ਹਾਂ ਨੂੰ ਬੰਦੇ ਦੀ ਕੀਮਤ ਦਾ ਪਤਾ ਏ.... ਹੈਲੀਕਾਪਟਰ ਵਿਚ ਡਾਕਟਰਾਂ ਦੀ ਪੂਰੀ ਟੀਮ ਹੁੰਦੀ ਏ... ਜੇਕਰ ਸਧਾਰਨ ਘਟਨਾ ਵਾਪਰੀ ਹੋਵੇ ਤਾਂ ਮਰੀਜ਼ ਨੂੰ ਨੇੜੇ ਦੇ ਹਸਪਤਾਲ ਦਾਖਲ . ਕਰਾਇਆ ਜਾਂਦਾ ਏ... ਤੇ ਜੇਕਰ ਮਰੀਜ਼ ਦੀ ਹਾਲਤ ਜ਼ਿਆਦਾ ਖ਼ਰਾਬ ਹੋਏ ਤਾਂ ਡਾਕਟਰਾਂ ਦੀ ਟੀਮ ਵੱਲੋਂ ਹਵਾ ਵਿਚ ਹੀ ਮਰੀਜ਼ ਦਾ ਤੇ.....'ਆਪ੍ਰੇਸ਼ਨ ਕਰ ਦਿੱਤਾ ਜਾਂਦਾ
'ਬਹੁਤ ਵਧੀਆ. ਕਿਆ ਬਾਤਾਂ ਨੇ ਬਾਹਰਲੇ ਮੁਲਕਾਂ ਦੀਆਂ... ਚਾਚਾ ਜੀ ਹੁਣ ਮੈਨੂੰ ਵੀ ਚੰਗੀ ਤਰ੍ਹਾਂ ਸਮਝ ਲੱਗ ਗਈ ਏ ਪਈ ਬੰਦੇ ਦੀ ਕੀਮਤ ਕੀ ਹੁੰਦੀ ਏ....' ਸੋਚਾਂ ਵਿਚ ਪਿਆ ਗੁਰਮੀਤ ਸਿੰਘ ਆਖ ਰਿਹਾ ਸੀ।






ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।
"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"
E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212


# ਬਾਲ ਮਨਾਂ ਦੀ ਥਾਹ ਪਾਉਣ ਵਾਲਾ ਕਲਮਕਾਰ ਹੈ ਰਾਮ ਸਿੰਘ ਪਾਠਕ

## ਡਾ. ਦਰਸ਼ਨ ਸਿੰਘ ਆਸ਼ਟ




ਰਾਮ ਸਿੰਘ ਪਾਠਕ ਪਿਛਲੇ ਕਈ ਦਹਾਕਿਆਂ ਤੋਂ ਬਾਲ ਸਾਹਿਤ ਦੀ ਸਿਰਜਣਾ ਵਿਚ ਲੀਨ ਹੈ। ਉਹ ਬਾਲ-ਮਨਾਂ ਦੀ ਥਾਹ ਪਾਉਣ ਵਾਲਾ ਕਲਮਕਾਰ ਹੈ। ਆਪਣੀ ਇਸ ਨਵੀਂ ਪੁਸਤਕ 'ਮੁੜ ਆਈਆਂ ਰੌਣਕਾਂ' ਵਿਚ ਉਸ ਨੇ ਨਿਕੇ-ਨਿਕੇ ਵੰਨ-ਸੁਵੰਨੇ ਵਿਸ਼ਿਆਂ ਵਾਲੇ ਗੀਤ ਅਤੇ ਨਰਸਰੀ ਕਵਿਤਾਵਾਂ ਦੀ ਸਿਰਜਣਾ ਕੀਤੀ ਹੈ। ਕਵੀ ਨੂੰ ਇਸ ਗੱਲ ਦਾ ਬਖ਼ੂਬੀ ਇਲਮ ਹੈ ਕਿ ਅਜੋਕਾ ਸਮਾਂ ਭੂਤ-ਪ੍ਰੇਤਾਂ, ਜਾਦੂਗਰਾਂ ਜਾਂ ਰਾਜਿਆਂ-ਰਾਣਿਆਂ ਦੀਆਂ ਕਹਾਣੀਆਂ ਦਾ ਨਹੀਂ ਸਗੋਂ ਮਨੁੱਖ ਵੱਲੋਂ ਆਧੁਨਿਕ ਦੌਰ ਵਿਚ ਗਿਆਨ-ਵਿਗਿਆਨ ਦੇ ਖੇਤਰ ਵਿਚ ਹਾਸਿਲ ਕੀਤੀਆਂ ਬੇਮਿਸਾਲ ਉਪਲਬਧੀਆਂ ਨਾਲ ਨਵੀਂ ਪੀੜ੍ਹੀ ਨੂੰ ਪਰਿਚਿਤ ਕਰਵਾਉਣ ਦਾ ਹੈ। ਮਨੁੱਖ ਦੀਆਂ ਲਾਪ੍ਰਵਾਹੀਆਂ ਕਾਰਨ ਕੁਦਰਤੀ ਸ੍ਰੋਤਾਂ ਨੂੰ ਬਚਾਉਣ ਦਾ ਸੁਨੇਹਾ ਦੇਣ ਦਾ ਵਕਤ ਹੈ। ਸਮਾਜ ਵਿੱਚ ਦਿਨ-ਬ-ਦਿਨ ਵਧਦੀਆਂ ਜਾ ਰਹੀਆਂ ਸਮੱਸਿਆਵਾਂ ਅਤੇ ਵੰਗਾਰਾਂ ਦਾ ਡੱਟ ਕੇ ਸਾਹਮਣਾ ਕਰਨ ਦੀ ਪ੍ਰੇਰਣਾ ਦੇਣਾ ਵੀ ਉਸ ਦੀਆਂ ਇਨ੍ਹਾਂ ਕਵਿਤਾਵਾਂ ਦੀ ਵਿਸ਼ੇਸ਼ਤਾ ਹੈ।

ਇਨ੍ਹਾਂ ਕਵਿਤਾਵਾਂ ਵਿੱਚ ਕਿਤੇ ਮਾਂ ਦੀ ਬੁੱਕਲ ਦਾ ਨਿਘਾ ਆਨੰਦ ਅਨੁਭਵ ਹੁੰਦਾ ਹੈ ਅਤੇ ਕਿਤੇ ਦਾਦਾ-ਦਾਦੀ ਦਾ ਸਨੇਹ, ਬਚਪਨ ਨਾਲ ਮਿੱਠੀਆਂ-ਮਿੱਠੀਆਂ ਸ਼ਰਾਰਤਾਂ ਨਾਲ ਭਰਿਆ ਪਿਆ ਹੈ। ਸਕੂਲ, ਫੱਲਾਂ-ਫੁੱਲਾਂ, ਰੁੱਖਾਂ, ਖੇਡ-ਖਿਡੌਣਿਆਂ ਦੀਆਂ ਗੱਲਾਂ ਦੇ ਨਾਲ-ਨਾਲ ਜੀਵਨ-ਮੁੱਲਾਂ ਨਾਲ ਜੁੜੀਆਂ ਅਨੇਕ ਸਿਆਣੀਆਂ ਤੇ ਦਿਲਚਸਪ ਸਿਖਿਆਵਾਂ ਵੀ ਇਨ੍ਹਾਂ ਕਵਿਤਾਵਾਂ ਵਿੱਚ ਸ਼ਾਮਿਲ ਹਨ। ਕਵੀ ਦਾ ਕਹਿਣਾ ਹੈ ਕਿ ਧਰਤੀ, ਪਾਣੀ, ਪਰਬਤ, ਹਵਾ ਅਤੇ ਆਕਾਸ਼ ਨੂੰ ਬਚਾਉਣ ਨਾਲ ਹੀ ਜੀਵਨ ਦੀ ਹੋਂਦ ਕਾਇਮ ਰਹਿ ਸਕਦੀ ਹੈ। ਧਰਤੀ ਕਵਿਤਾ ਵਿਚ ਉਹ ਇਸ ਬੰਦ ਰਾਹੀਂ, ਬਹੁਤ ਕੁਝ ਕਹਿ ਜਾਂਦਾ ਹੈ।

ਆਓ ਆਪਾਂ ਲਹਿਰ ਚਲਾਈਏ
ਧਰਤੀ ਮਾਂ ਦੀ ਹੋਂਦ ਬਚਾਈਏ
ਸਭ ਨੂੰ ਜਾਏ ਪੁਕਾਰੀ ਧਰਤੀ
ਦੂਸ਼ਿਤ ਕੀਤੀ ਸਾਰੀ ਧਰਤੀ।

'ਪਾਠਕ' ਦੀਆਂ ਇਨ੍ਹਾਂ ਕਵਿਤਾਵਾਂ ਵਿਚ ਫੁੱਲਾਂ ਤੇ ਮੰਡਰਾਉਂਦੀਆਂ ਤਿਤਲੀਆਂ, ਚਿੜੀਆਂ ਵਰਗੇ ਹੋਰ ਅਨੇਕ ਪੰਛੀ ਤੇ ਪਸ਼ੂ ਆਲੇ-ਦੁਆਲੇ ਵਿਚ ਰੰਗ ਭਰਦੇ ਵਿਖਾਈ ਦਿੰਦੇ ਹਨ। ਕਵੀ ਇਨ੍ਹਾਂ ਵਿੱਚ ਮੇਲੇ ਮੁਸਾਹਬਿਆਂ ਅਤੇ ਹੋਰ ਸਭਿਆਚਾਰਕ ਵਰਤਾਰਿਆਂ ਰਾਹੀਂ ਆਪਣੀ ਮੁੱਲਵਾਨ ਵਿਰਾਸਤ ਨੂੰ ਵੀ ਯਾਦ ਰੱਖਣ ਦੀਆਂ ਗੱਲਾਂ ਕਰਦਾ ਹੈ। ਕੁੱਲ ਮਿਲਾ ਕੇ ਇਹ ਬਾਲ ਕਵਿਤਾਵਾਂ ਪੰਜ ਤੋਂ ਅੱਠ ਸਾਲ ਦੇ ਬਾਲ ਪਾਠਕਾਂ ਲਈ ਖ਼ਾਸ ਤੌਰ ਤੇ ਲਾਹੇਵੰਦ ਹਨ। ਚਿੱਤਰਾਂ ਨਾਲ ਸਜਾਈਆਂ ਇਹ ਕਵਿਤਾਵਾਂ ਬਾਲ-ਮਨਾਂ ਦੀਆਂ ਹਾਣੀ ਬਣਨ ਦੀ ਸਮਰੱਥਾ ਰੱਖਦੀਆਂ ਹਨ।

ਮੈਂ ਪਾਠਕ ਨੂੰ ਪਾਠਕ ਦੇ ਇਸ ਨਵੇਂ ਬਾਲ ਕਾਵਿ-ਸੰਗ੍ਰਹਿ ਲਈ ਵਧਾਈ ਦਿੰਦਾ ਹਾਂ।



ਡਾ. ਦਰਸ਼ਨ ਸਿੰਘ 'ਆਸ਼ਟ'
ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ
ਸਾਹਮਣੇ ਪੰਜਾਬੀ ਯੂਨੀਵਰਸਿਟੀ ਪਟਿਆਲਾ -147 002

ਹਫ਼ਤਾਵਰੀ ਆਨਲਾਈਨ ਮੈਗਜ਼ੀਨ
ਅੰਕ- 09 ਅਦਬੀ ਵਿਰਾਸਤ 1
538 - 632, ਸਥਾਪਨਾ ਦਸੂਹਾ ,20/07/2026 ਤੋਂ 26/07/2026 ( ਨਾਨਕਸ਼ਾਹੀ ਸੰਮਤ 11 ਸਾਵਣ 558) adbivirsat@gmail.com

ਮਿੰਨੀ ਕਹਾਣੀ

## ਕੰਮ ਦੀਆਂ ਗੱਲਾਂ



ਜੱਸੀ ਅੱਜ ਸਵੇਰੇ ਸਕੂਲੇ ਨਹੀਂ ਆ ਰਿਹਾ ਸੀ। ਉਸਨੂੰ ਰੋਂਦੇ ਕੁਰਲਾਉਂਦੇ ਨੂੰ ਉਸਦੇ ਪਿਤਾ ਹਰਮੇਲ ਸਿੰਘ ਆਪਣੇ ਮੋਢਿਆਂ ਤੇ ਚੁੱਕੀ ਇੱਕ ਉਸਦਾ ਬਸਤਾ ਫੜੀ ਸਕੂਲ ਨੂੰ ਤੁਰੇ ਆਉਂਦੇ। ਸਕੂਲ ਵਿੱਚ ਵੜਦਿਆਂ ਹੀ ਜੱਸੀ ਨੇ ਹੋਰ ਉੱਚੀ ਰੋਣਾ ਸ਼ੁਰੂ ਕਰ ਦਿੱਤਾ ਤੇ ਰੋਂਦਾ ਰੋਂਦਾ ਬਾਰ ਬਾਰ ਆਖਣ ਲੱਗਾ ਕਿ ਮੈਂ ਅੱਜ ਸਕੂਲ ਨਹੀਂ ਜਾਣਾ ਮੈਂ ਕੱਲ੍ਹ ਨੂੰ ਆਪੇ ਹੀ ਆ ਜਾਣਾ। ਇੰਨੇ ਨੂੰ ਵੱਡੇ ਭੈਣ ਜੀ ਪੰਜਵੀਂ ਜਮਾਤ ਵਾਲੇ ਕਮਰੇ ਵਿੱਚੋਂ ਬਾਹਰ ਆਏ ਅਤੇ ਹਰਮੇਲ ਸਿੰਘ ਨੂੰ ਫਤਹਿ ਲਾਉਂਦੇ ਹੋਏ ਕਹਿਣ ਲੱਗੇ ਇਸ ਨੂੰ ਅੱਜ ਕੀ ਗੱਲ ਹੋ ਗਈ ਇਸਨੂੰ, ਇਹ ਤਾਂ ਬੜਾ ਸੋਹਣਾ ਸਕੂਲ ਰੋਜ ਆਉਂਦਾ ਹੈ। ਕੁਝ ਕੁ ਗੱਲਾਂ ਕਰਨ ਤੋਂ ਮਗਰੋਂ ਜੱਸੀ ਦੇ ਪਿਤਾ ਹਰਮੇਲ ਸਿੰਘ ਵਾਪਸ ਮੁੜ ਗਏ। ਜਦੋਂ ਉਹ ਘਰ ਪਹੁੰਚੇ ਤਾਂ ਉਹਨਾਂ ਨੇ ਦੇਖਿਆ ਕਿ ਜੱਸੀ ਉਹਨਾਂ ਤੋਂ ਵੀ ਪਹਿਲਾਂ ਪਿੰਡ ਦੀਆਂ ਗਲੀਆਂ ਵਿਚੋਂ ਦੀ ਘਰ ਪਹੁੰਚਿਆ। ਜੱਸੀ ਨੂੰ ਗੁੱਸੇ ਨਾਲ ਘੂਰਦੇ ਹੋਏ ਹੱਥ ਵਿੱਚ ਬਾਲਣ ਦੀ ਭਰੀ ਚੋਂ ਸ਼ਿਟੀ ਕੱਢ ਕੇ ਜਿਉਂ ਹੀ ਜੱਸੀ ਵੱਲ ਮਾਰਨ ਲਈ ਵਧੇ ਤਾ ਜੱਸੀ ਦੇ ਦਾਦੇ ਉਂਕਾਰ ਸਿੰਘ ਨੇ ਆਖਿਆ ਛੱਡ ਪਰ੍ਹਾਂ ਰਹਿਣ ਦੇ ਜਵਾਕ ਨੂੰ , ਨਹੀਂ ਜਾਂਦਾ ਅੱਜ ਤਾਂ ਰਹਿਣ ਦੇ ਆਪਣੇ ਆਪ ਕੱਲ੍ਹ ਸਕੂਲੇ ਚਲਿਆ ਜਾਊਗਾ।

ਆਪਣੇ ਦਾਦਾ ਜੀ ਨੂੰ ਖੇਤਾਂ ਚੋਂ ਵਾਪਸ ਘਰ ਵੇਖ ਕੇ ਜੱਸੀ ਨੂੰ ਇੰਝ ਲੱਗਾ ਕਿ ਜਿਵੇਂ ਉਸਦੇ ਦੇ ਸਾਹ ਵਿੱਚ ਸਾਹ ਪੈ ਗਏ ਹੋਣ। ਜੱਸੀ ਦੀ ਦਾਦੀ ਵੀ ਆਖਣ ਲੱਗੀ ਕਿ ਚਾਰ ਅੱਖਰ ਪੜ੍ਹ ਜਾਏਗਾ ਤਾਂ ਕੋਈ ਨੌਕਰੀ ਮਿਲ ਜਾਊਗੀ ਨਹੀਂ ਤਾਂ ਗਲੀਆਂ ਵਿੱਚ ਵੇਹਲਾ ਘੁੰਮਦਾ ਫਿਰੇਂਗਾ। ਜੱਸੀ ਦੇ ਪਿਤਾ ਹਰਮੇਲ ਸਿੰਘ ਨੇ ਗੁੱਸੇ ਨਾਲ ਕਿਹਾ ਕਿ ਜੇ ਸਕੂਲ ਨਹੀਂ ਜਾਂਦਾ ਤਾਂ ਇਸ ਨੂੰ ਚਾਰ ਖੋਤੇ ਲੈ ਦਿਓ ਤੇ ਭੱਠੇ ਤੇ ਦਿਹਾੜੀ ਲਾ ਦਿਓ ਇਹਦੀ ਅਕਲ ਟਿਕਾਣੇ ਆ ਜਾਊਗੀ। ਜੱਸੀ ਸਹਿਮਿਆ ਹੋਇਆ ਪਿਛਲੇ ਅੰਦਰ ਲੁਕਿਆ ਬੈਠਾ ਸਭ ਕੁਝ ਸੁਣ ਰਿਹਾ ਸੀ ਤੇ ਉਹ ਸੋਚ ਰਿਹਾ ਸੀ ਕਿ ਖੌਰੇ ਮੈਂ ਕਿੰਨਾ ਵੱਡਾ ਗੁਨਾਹ ਕਰ ਦਿੱਤਾ ਸਕੂਲੇ ਨਾ ਜਾ ਕੇ।ਕੁਝ ਕ ਪਲਾਂ ਬਾਅਦ ਜੱਸੀ ਦੇ ਦਾਦਾ ਜੀ ਨੇ ਉਸਨੂੰ ਆਖਿਆ ਕਿ ਚੱਲ ਮੇਰੇ ਨਾਲ ਖੇਤਾਂ ਵਿੱਚ ਅੱਜ ਅਸੀਂ ਮੱਕੀ ਗੁੱਡਦੇ ਆਂ। ਜੱਸੀ ਖੁਸ਼ੀ ਖੁਸ਼ੀ ਦਾਦਾ ਜੀ ਦੇ ਨਾਲ ਖੇਤਾਂ ਨੂੰ ਜਾਣਣ ਲਈ ਉਹਨਾਂ ਦੇ ਸਾਈਕਲ ਤੇ ਬੈਠ ਗਿਆ। ਗੱਲਾਂ ਕਰਦੇ ਕਰਦੇ ਜੱਸੀ ਅਤੇ ਉਹ ਅਤੇ ਉਸਦੇ ਦਾਦਾ ਜੀ ਖੇਤਾਂ ਵਿੱਚ ਪਹੁੰਚ ਗਏ ਜਿੱਥੇ ਉਹਨਾਂ ਨੇ ਮੱਕੀ ਗੁੱਡਣੀ ਸ਼ੁਰੂ ਕਰ ਦਿੱਤੀ। ਮੱਕੀ ਗੁੱਡਦੇ ਗੁੱਡਦੇ ਜੱਸੀ ਨੇ ਮੱਕੀ ਬੀਜਣ ਤੋਂ ਲੈ ਕੇ ਵੱਢਣ ਤੱਕ ਦੀ ਸਾਰੀ ਪ੍ਰਕਿਰਿਆ ਬਾਰੇ ਆਪਣੇ ਦਾਦਾ ਜੀ ਕੋਲੋਂ ਸਾਰਾ ਕੁਝ ਪੁੱਛਿਆ। ਦਾਦਾ ਜੀ ਮੈਂ ਜੱਸੀ ਨੂੰ ਖੇਤੀ ਦੇ ਬਾਰੇ ਹੋਰ ਵੀ ਬਹੁਤ ਕੁਝ ਦੱਸਿਆ ਕਿ ਕਿਹੜੀ ਫਸਲ ਇਸ ਵੇਲੇ ਤੇ ਕਿਸ ਤਰੀਕੇ ਨਾਲ ਬੀਜੀ ਜਾਂਦੀ ਹੈ ਅਤੇ ਕਿਸ ਵੇਲੇ ਕਿਸ ਤਰੀਕੇ ਨਾਲ ਵੱਢੀ ਜਾਂਦੀ ਹੈ। ਇਸ ਤੋਂ ਬਾਅਦ ਜੱਸੀ ਦੇ ਦਾਦਾ ਜੀ ਨੇ ਉਸਨੂੰ ਸਮਝਾਇਆ ਕਿ ਪੜ੍ਹਾਈ ਸਾਡੀ ਜਿੰਦਗੀ ਲਈ ਕਿੰਨੀ ਜਰੂਰੀ ਹੈ ਅਤੇ ਸਾਨੂੰ ਰੋਜ ਸਕੂਲੇ ਜਾਣਾ ਕਿਉਂ ਜਰੂਰੀ ਹੈ। ਦਾਦਾ ਜੀ ਵੱਲੋਂ ਦੱਸੀਆਂ ਇਹਨਾਂ ਸਾਰੀਆਂ ਗੱਲਾਂ ਨੇ ਜੱਸੀ ਦੇ ਦਿਲ ਵਿੱਚ ਘਰ ਕਰ ਲਿਆ ਅਤੇ ਉਸ ਦਿਨ ਤੋਂ ਬਾਅਦ ਜੱਸੀ ਕਦੇ ਵੀ ਸਕੂਲ ਜਾਣ ਤੋਂ ਅੜੀ ਨਾ ਕੀਤੀ , ਰੋਜ਼ ਸਵੇਰੇ ਚਾਈਂ ਚਾਈਂ ਸਕੂਲ ਜਾਂਦਾ ਅਤੇ ਸ਼ਾਮ ਨੂੰ ਆਪਣੇ ਦਾਦਾ ਜੀ ਨਾਲ ਖੇਤਾਂ ਦੇ ਕੰਮ ਕਾਰ ਵਿੱਚ ਉਹਨਾਂ ਦਾ ਹੱਥ ਵੀ ਵਟਾਉਂਦਾ। ਹੌਲੀ ਹੌਲੀ ਜੱਸੀ ਨੂੰ ਖੇਤੀ ਦੇ ਕੰਮ ਕਾਰ ਬਾਰੇ ਸਾਰੀ ਜਾਣਕਾਰੀ ਹੋ ਗਈ। ਅੱਜ ਜਦੋਂ ਜੱਸੀ ਵੱਡਾ ਹੋਇਆ ਤਾਂ ਉਸਦੇ ਖੇਤਾਂ ਦੇ ਨੇੜਲੇ ਖੇਤਾਂ ਵਿੱਚ ਬੀਜੀਆਂ ਫਸਲਾਂ ਨਾਲੋਂ ਜੱਸੀ ਦੇ ਖੇਤ ਵਿੱਚ ਫਸਲ ਵਧੀਆ ਹੁੰਦੀ। ਜਦੋਂ ਵੀ ਕੋਈ ਉਸਨੂੰ ਪੁੱਛਦਾ ਕਿ ਵਧੀਆ ਫਸਲ ਦੇ ਰਾਜ ਕੀ ਹੈ, ਵਧੀਆ ਝਾੜ ਲੈਣ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ ਤਾਂ ਉਹ ਹੱਸਦਾ ਹੋਇਆ ਇੱਕੋ ਗੱਲ ਆਖਦਾ ਕਿ ਫਸਲ ਦੀ ਜਾਣਕਾਰੀ ਆਪਣੇ ਪੁਰਖਿਆਂ ਕੋਲੋਂ ਲੈ ਲੈਣੀ ਚਾਹੀਦੀ ਹੈ ਤੇ ਉਸ ਤੋਂ ਅਗਲੀ ਜਾਣਕਾਰੀ ਸਕੂਲੋਂ ਪੜ੍ਹਾਈ ਕਰਕੇ। ਇਸ ਕਰਕੇ ਸਾਨੂੰ ਆਪਣੇ ਪੁਰਖਿਆਂ ਦੇ ਕੋਲੋਂ ਆਪਣੀ ਰੋਜ਼ਾਨਾ ਜਿੰਦਗੀ ਵਿੱਚ ਕੰਮ ਆਉਣ ਵਾਲੀਆਂ ਗੱਲਾਂ ਅਤੇ ਕੰਮ ਦੀ ਜਾਣਕਰੀ ਲੈਣੀ ਚਾਹੀਦੀ ਹੈ ਅਤੇ ਇਸ ਦੇ ਨਾਲ ਨਾਲ ਸਿੱਖਿਆ ਵੀ ਅਤਿ ਜਰੂਰੀ ਹੈ।




ਮਿੰਨੀ ਕਹਾਣੀ

## ਲੋਕ ਕਵੀ



ਨਵੇਂ ਸਾਲ 'ਤੇ ਇੱਕ ਦੋਸਤ ਨੇ ਆਪਣੇ ਕਵੀ ਦੋਸਤ ਨੂੰ ਮੁਬਾਰਕਬਾਦ ਦਿੰਦੇ ਹੋਏ ਦੁਆ ਕੀਤੀ, 'ਤੂੰ ਵੱਡਾ ਵਿਦਵਾਨ ਅਤੇ ਬੁੱਧੀ ਜੀਵੀ ਕਵੀ ਬਣੇਂ"।ਇਹ ਸੁਣਕੇ ਉਸਦਾ ਦਾ ਦੋਸਤ ਖੁਸ਼ ਹੋਣ ਦੀ ਬਜਾਏ ਗਹਿਰ ਗੰਭੀਰ ਹੋ ਗਿਆ ਤਾਂ ਉਸਦੇ ਦੋਸਤ ਨੇ ਪੁੱਛਿਆ, 'ਮੈਂ ਤਾਂ ਦੋਸਤ ਐਡੀ ਵੱਡੀ ਤੇਰੇ ਲਈ ਦੁਆ ਕੀਤੀ ਹੈ ਪਰ ਤੂੰ ਤਾਂ ਸੁਣਕੇ ਬਹੁਤ ਦੁੱਖੀ ਹੋ ਗਿਆਂ ਏਂ?"ਕਵੀ ਦੋਸਤ ਬੋਲਿਆ, 'ਜਦੋਂ ਕੋਈ ਦੋਸਤ, ਦੋਸਤ ਬਣਕੇ ਬਦ ਦੁਆ ਦੇ ਦੇਵੇ ਤਾਂ ਮਨ ਦੁੱਖੀ ਤਾਂ ਹੁੰਦਾ ਹੀ ਹੈ।" "ਹੈਂ ਦੋਸਤ ਬਦ ਦੁਆ !ਇਹ ਬਦ ਦੁਆ ਕਿਵੇਂ ਹੋਈ?" "ਤੂੰ ਦੋਸਤ ਜੇ ਦੁਆ ਕਰਨੀ ਹੀ ਸੀ ਤਾਂ ਇੰਝ ਆਖਦਾ ਕਿ ਤੂੰ ਆਮ ਲੋਕਾਂ ਬਾਰੇ ਲਿਖੇਂ ਉਨ੍ਹਾਂ ਦੇ ਪੱਧਰ ਦਾ ਲਿਖੇਂ ਉਨ੍ਹਾਂ ਦੀ ਬੋਲੀ ਵਿੱਚ ਉਨ੍ਹਾਂ ਦੇ ਦੁੱਖਾਂ ਦਰਦਾਂ ਅਤੇ ਉਨ੍ਹਾਂ ਦੇ ਖੋਹੇ ਜਾਂਦੇ ਹੱਕਾਂ ਦੀ ਗੱਲ ਕਰੇਂ।ਉਹ ਤੈਨੂੰ ਰੱਜ ਕੇ ਪਿਆਰ ਕਰਨ,ਤੂੰ ਲੋਕਾਂ ਦਾ ਕਵੀ ਭਾਵ ਲੋਕ-ਕਵੀ ਬਣੇਂ"।ਕਵੀ ਦੇ ਦੋਸਤ ਨੇ ਝੱਟ ਮੱਥੇ ਤੇ ਹੱਥ ਮਾਰਦਿਆਂ ਅਤੇ ਆਪਣੀ ਗਲਤੀ ਨੂੰ ਮਹਿਸੂਸ ਕਰਦਿਆਂ ਆਪਣੇ ਪਹਿਲੇ ਬੋਲ ਵਾਪਸ ਲੈਂਦਿਆਂ ਦੁਵਾਰਾ ਦੁਆ ਕੀਤੀ, 'ਦੋਸਤ ਤੂੰ ਸੱਚ ਕਿਹਾ ਹੈ ਮੈਂ ਦੁਬਾਰਾ ਦੁਆ ਕਰਦਾ ਹਾਂ ਕਿ ਤੂੰ ਸੱਚ ਮੁੱਚ ਹੀ ਲੋਕਾਂ ਦਾ ਕਵੀ ਭਾਵ ਲੋਕ-ਕਵੀ ਬਣੇਂ"।ਹੁਣ ਦੋਨੋਂ ਦੋਸਤ ਇਕ ਦੂਜੇ ਦੀ ਗਲਵਕੜੀ ਵਿੱਚ ਸਨ।






ਮਿੰਨੀ ਕਹਾਣੀ

## ਰਾਜ਼ੀਨਾਮਾ



ਗੱਲ ਪਾਣੀ ਦਾ ਵਾਰੀ ਤੋਂ ਵਿਗੜੀ। ਰਾਮਾ , ਸ਼ਾਮਾ ਦੋਵੇਂ ਭਰਾ , ਸਕੇ। ਗਊ ਸੁਭਾ , ਬੀਬੇ।ਦੋਨਾਂ ਦੀਆਂ ਜੋਗਾਂ ਦਰਸ਼ਨੀ। ਅੱਧੇ ਪਿੰਡ ਦੀ ਬਿਜਾਈ ਕਰਦੇ। ਰੱਜ ਕੇ ਪੈਸੇ ਕਮਾਏ। ਦੋ ਖੇਤ ਖ਼ਰੀਦ ਲਏ। ਸਸਤਾ ਸਮਾਂ ਸੀ। ਵਿਆਹੇ-ਵਰ੍ਹੇ ਗਏ। ਟੱਬਰੀਆਂ ਆਈਆਂ। ਰਿਸ਼ਤਾ ਤਿੜਕ ਗਿਆ , ਭਰਾਵਾਂ ਦਾ।

ਵੱਡੇ ਨੇ ਹਵੇਲੀ ਸਾਂਭ ਲਈ , ਛੋਟੇ ਨੇ ਘਰ। ਪੰਜ-ਪੰਜ, ਛੇ-ਛੇ ਨਿਆਣੇ ਹੋਏ।ਮਾਂ ਚਲ ਵਸੀ। ਬੋਲੋਂ ਕੁਬੋਲ ਹੋ ਗਏ।ਕੰਮ ਵੱਖ ਵੱਖ ਹੋ ਗਿਆ। 'ਕੱਲਾ ' ਕੱਲਾ ਜੋਤੇ ਕਰੇ। ਨਿਬੇੜਾ ਘੱਟ। ਖ਼ਰਚ ਵਧ। ਗੱਲ ਹੋਰ ਵਿਗੜ ਗਈ।

ਖੇਤ ਵੰਡੇ ਗਏ। ਇਕ ਇਕ ਹਿੱਸੇ ਆਇਆ। ਖਾਲ ਦੋਨਾਂ ਨੂੰ ਇਕੋ। ਤੀਹ ਮਿੰਟਾਂ ਦੀ ਵਾਰੀ , ਸਤਵੇਂ ਦਿਨ। ਪੰਦਰਾਂ ਮਿੰਟ ਹਿੱਸੇ ਆਉਣ। ਮੀਂਹ ਪਿਆ ਨਾ ,ਬਿਜਾਈ ਝੋਨੇ ਦੀ। ਸ਼ਾਮੇ ਨੇ ਵੀਹ ਮਿੰਟ ਪਾਣੀ ਲਾ ਲਿਆ। ਰਾਮਾ ਗਲ਼ ਪੈ ਗਿਆ। ਕਹੀ ਮਾਰੀ ਛੜਵੀਂ। ਲੱਤ ਵੱਢੀ ਗਈ। ਸ਼ਾਮਾ ਹਸਪਤਾਲ ਪਹੁੰਚ ਗਿਆ। ਡਾਕਟਰ ਦੀ 'ਪੂਜਾ ' ਵੀ ਕੀਤੀ। ਛੱਬੀ ਬਣੀ ਨਾ ,ਬਣੀ ਚੌਵੀ।ਸਾਰੀ ਪੰਚਾਇਤ ਠਾਣੇ। ਠਾਣੇਦਾਰ ਪੰਚਾਂ ਦੀ 'ਮਾਂ ਦੀ ,ਧੀ ਦੀ ' ਕਰੇ। ਆਖੇ – ਪਿੰਡ ਦਾ ਮਸਲਾ ਸੀ ,ਪੰਚਾਇਤ ਮਰੀ ਹੋਈ ਸੀ। ਭਰਾ ਨੇ ਭਰਾ ਵੱਢ'ਤਾ। ਮਾਰ ਜਾਂਦਾ ? ਜਾਹ ਜਾਂਦੀ। ਦੂਜਾ ਫਾਹੇ ਲਗਦਾ।

ਖੈਰ – ਪੈ-ਪੁਆ ਕੇ , ਗੱਲ ਰਾਜ਼ੀਨਾਮੇ 'ਤੇ ਨਿਬੜੀ। ਦੋਨਾਂ ਦੇ ਲੱਗੇ। ਰਾਮੇ ਦਾ ਛੇ ਸੌ , ਸ਼ਾਮੇ ਦਾ ਚਾਰ ਸੌ। ਦੋਨੋਂ ਖੁਸ਼। ਜੱਫੀਆਂ ਪਾਉਣ – ਭਰਾ ਭਰਾ। ਪਿੰਡ ਆਏ। ਪੰਚ ਸੱਦੇ ਗਏ। ਦੋ ਬਲੈਂਡਰ ਲੱਗੇ। ਲੰਬੜ ਆਖੇ – ਇਹ ਆਂ ਰਾਜ਼ੀਨਾਮਾ ਅਸਲੀ। ਸਾਰੇ ਖੁਸ਼। ਰਾਮਾ ਵੀ , ਸ਼ਾਮਾ ਵੀ। ਨਿਆਣੇ ਵੀ , ਸਿਆਣੇ ਵੀ। ਸ਼ਾਹ ਹੱਟੀ ਵਾਲਾ ਵੀ , ਮਾਸਟਰ ਵੀ, ਵੇਲੇ ਸਿਰ ਬਹੁੜੇ ਸਨ , ਵਿਆਜ ਦਾ ਕੀ ਹੁੰਦੈ ?

ਵੱਲੋਂ




**ਲਿਖਤ :- ਸਵ. ਬਾਪੂ ਲਾਲ ਸਿੰਘ ਦਸੂਹਾ**

ਮਿੰਨੀ ਕਹਾਣੀ

## ਸਮਾਂ ਬੜਾ ਬਲਵਾਨ



ਬਿਸ਼ਨੋ ਮਸਾਂ ਤੀਹ ਕੁ ਸਾਲ ਦੀ ਸੀ, ਜਦ ਉਸ ਦਾ ਪਤੀ ਕੈਂਸਰ ਦੀ ਬਿਮਾਰੀ ਨਾਲ ਬਿਨ੍ਹਾਂ ਇਲਾਜ ਤੋਂ ਮਰ ਗਿਆ ਸੀ।ਬੱਚੇ ਛੋਟੇ ਹੀ ਸਨ। ਤਿੰਨ ਲੜਕੇ, ਇੱਕ ਲੜਕੀ ਚਾਰੇ ਹੀ ਪੜ੍ਹਦੇ ਸਨ। ਬਿਸ਼ਨੋ ਨੇ ਪ੍ਰਮਾਤਮਾ ਦਾ ਭਾਣਾ ਸਤਿ ਕਰ ਕੇ ਮੰਨਿਆ। ਉਸ ਨੇ ਹੌਂਸਲਾ ਨਹੀਂ ਹਾਰਿਆ।ਹਿੰਮਤ ਦਾ ਹਮਾਇਤੀ ਰੱਬ ਹੁੰਦੈ, ਆਖਣ ਮੁਤਾਬਕ ਉਸ ਨੇ ਗਲੀਆਂ 'ਚੋਂ ਗੋਹਾ ਇਕੱਠਾ ਕਰਨਾ, ਪਾਥੀਆਂ ਪੱਥਣੀਆਂ, ਜੋੜ ਕੇ ਗਹੀਰਾ ਲਾਉਣਾ ਤੇ ਫੇਰ ਗਹੀਰਾ ਵੇਚ ਕੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਤੋਰਦੀ ਰਹੀ।

ਚਾਰੇ ਹੀ ਬੱਚੇ ਪੜ੍ਹਾਈ 'ਚ ਹੁਸ਼ਿਆਰ ਹੋਣ ਕਰਕੇ ਚੰਗਾ ਪੜ੍ਹ-ਲਿਖ ਗਏ। ਚੰਗੀਆਂ ਡਿਗਰੀਆਂ ਪ੍ਰਾਪਤ ਕਰਨ ਕਾਰਨ ਉਹ ਚਾਰੇ ਹੀ ਪਹਿਲੇ ਦਰਜੇ ਦੀਆਂ ਪੋਸਟਾਂ ਲੈ ਗਏ।ਚਾਰੇ ਹੀ ਅਫਸਰ ਬਣ ਗਏ। ਚਾਰਾਂ ਦੇ ਵਿਆਹ ਵੀ ਮੁਕਾਬਲੇ 'ਚ ਪਹਿਲੇ ਦਰਜੇ ਦੀਆਂ ਪੋਸਟਾਂ ਵਾਲਿਆਂ ਨਾਲ ਹੋਏ। ਚਾਰੇ ਬੱਚਿਆਂ ਨੇ ਅਲੱਗ-ਅਲੱਗ ਕਾਰਾਂ ਖਰੀਦ ਲਈਆਂ, ਅਤੇ ਅਲੱਗ-ਅੱਲਗ ਕੋਠੀਆਂ ਪਾ ਲਈਆਂ।

ਬਿਸ਼ਨੋ ਦਾ ਹੁਣ ਧਰਤੀ ਤੇ ਪੈਰ ਨਹੀਂ ਸੀ ਲੱਗਦਾ, ਪੈਰ ਧਰਤੀ ਤੇ ਲੱਗੇ ਵੀ ਕਿਵੇਂ ਧੀ-ਜਵਾਈ ਵੀ ਅਫਸਰ, ਤਿੰਨੇ ਨੂੰਹਾਂ-ਤਿੰਨੇ ਪੁੱਤਰ ਵੀ ਅਫ਼ਸਰ! ਬਿਸ਼ਨੋ ਦੀ ਹੁਣ ਸ਼ਰੀਕੇ, ਕਬੀਲੇ ਤੇ ਰਿਸ਼ਤੇਦਾਰਾਂ 'ਚ ਪੂਰੀ ਇੱਜ਼ਤ ਸੀ।ਬਿਸ਼ਨੋ ਪਿੰਡ ਇਕੱਲੀ ਹੀ ਰਹਿੰਦੀ ਸੀ।ਉਸਦੇ ਨੂੰਹਾਂ-ਪੁੱਤ, ਧੀ-ਜਵਾਈ ਵੱਡੇ ਸ਼ਹਿਰਾਂ 'ਚ ਰਹਿੰਦੇ ਸਨ। ਕਦੇ ਨਾ ਕਦੇ ਬਿਸ਼ਨੋ ਕੋਲ ਗੇੜਾ ਮਾਰ ਛੱਡਦੇ।

ਇੱਕ ਦਿਨ ਬਿਸ਼ਨੋ ਬਿਮਾਰ ਹੋ ਗਈ।ਉਸਦੇ ਨੂੰਹ-ਪੁੱਤ, ਧੀ-ਜਵਾਈ ਤੇ ਰਿਸ਼ਤੇਦਾਰ, ਸ਼ਰੀਕੇ ਵਾਲਿਆਂ ਨੇ ਸੱਦ ਲਏ ਬਿਸਨੋ ਨੂੰ ਹਾਰਟ-ਅਟੈਕ ਦੇ ਲਗਾਤਾਰ ਤਿੰਨ ਦੌਰੇ ਪਏ ਤੇ ਸਦਾ ਦੀ ਨੀਂਦ ਸੌਂ ਗਈ।ਉਸ ਦੇ ਸੰਸਕਾਰ ਸਮੇਂ ਸੈਂਕੜੇ ਲੋਕਾਂ ਦਾ ਇਕੱਠ ਸੀ। ਸਭ ਲੋਕ ਉਸ ਦੀ ਗਰੀਬੀ ਤੋਂ ਲੈ ਕੇ ਅਮੀਰ ਹੋਣ ਤੱਕ ਦੀਆਂ ਗੱਲਾਂ ਕਰ ਰਹੇ ਸਨ ਕਿ ਕਿਵੇਂ ਉਸਨੇ ਅੰਨ੍ਹੀਂ ਗਰੀਬੀ ਦੇ ਵਿਚ ਬੱਚੇ ਪੜ੍ਹਾਏ ਸਾਰੇ ਅਫ਼ਸਰ ਬਣਾਏ, ਬਿਸ਼ਨੋ ਦੀ ਤਾਰੀਫ਼ ਦੇ ਸਾਰੇ ਲੋਕ ਹੀ ਪੁੱਲ ਬੰਨ ਰਹੇ ਸਨ।

ਬਿਸ਼ਨੋ ਦੀ ਮੌਤ ਸੁਣ ਕੇ ਲੋਕ ਉਸ ਦੇ ਘਰ ਬੈਠਣ ਆਉਂਦੇ ਪਰ ਬਿਸ਼ਨੋ ਦੇ ਨੂੰਹਾਂ-ਪੁੱਤਾਂ ਕੋਲ ਸੋਗ ਮਨਾਉਣ ਦਾ ਸਮਾਂ ਕਿੱਥੇ ਸੀ।ਉਸ ਦੇ ਨੂੰਹਾਂ-ਪੁੱਤਾਂ ਅਤੇ ਧੀ-ਜਵਾਈ ਨੇ ਇਕ ਮੀਟਿੰਗ ਕੀਤੀ ਕਿ ਸਮਾਂ ਆਪਣੇ ਕਿਸੇ ਕੋਲ ਨਹੀਂ, ਮਾਤਾ ਦਾ ਸੋਗ ਮਨਾਉਣ ਦਾ, ਭੋਗ ਤਾਂ ਦਸਵੇਂ ਦਿਨ ਪਵੇਗਾ।ਆਪਾਂ ਮਾਂ ਦੇ ਫੁੱਲ ਚੁੱਗ ਕੇ ਸੂਏ 'ਚ ਤੈਰ ਕੇ ਗੁਰਦੁਆਰੇ ਸਾਹਿਬ ਜਾ ਕੇ ਅਰਦਾਸ ਕਰਵਾ ਦਿੰਦੇ ਹਾਂ।ਇਸੇ ਤਰ੍ਹਾਂ ਹੀ ਹੋਇਆ। ਬਿਸ਼ਨੋ ਦੇ ਫੁੱਲ ਚੁਗ ਕੇ ਸੂਆ ਦੂਰ ਹੋਣ ਕਰਕੇ ਪਿੰਡ ਦੇ ਛੱਪੜ ਵਿਚ ਹੀ ਤੈਰ ਦਿੱਤੇ ਅਤੇ ਤੀਜੇ ਦਿਨ ਹੀ ਗੁਰਦੁਆਰਾ ਸਾਹਿਬ ਵਿਚ ਅਰਦਾਸ ਕਰਵਾ ਕੇ ਆਪਣਾ ਫਰਜ਼ ਬਿਸ਼ਨੋ ਦੇ ਪੁੱਤਾਂ-ਨੂੰਹਾਂ, ਧੀ-ਜਵਾਈ ਨੇ ਲਾਡਲੇ ਬੱਚੇ ਹੋਣ ਦਾ ਫਰਜ਼ ਨਿਭਾਅ ਦਿੱਤਾ। ਪਿੰਡ 'ਚ ਤੇ ਰਿਸ਼ਤੇਦਾਰ ਨੂੰ ਕਿਸੇ ਨੂੰ ਨਹੀਂ ਕੰਨਸੋ ਹੋਣ ਦਿੱਤੀ ਤੇ ਘਰ ਨੂੰ ਜਿੰਦਾ ਲਾ ਕੇ ਆਪਣੀਆਂ-ਆਪਣੀਆਂ ਕਾਰਾਂ 'ਚ ਸਵਾਰ ਹੋ ਕੇ ਚਲੇ ਗਏ। ਬਿਸ਼ਨੋ ਦੀ ਮੌਤ ਦੀ ਖਬਰ ਦਾ ਜਿਉਂ-ਜਿਉਂ ਪਤਾ ਲੱਗਦਾ, ਪਿੰਡਾਂ ਦੇ ਲੋਕ ਦੂਰ ਦੇ ਸਨੇਹੀ ਤੇ ਰਿਸ਼ਤੇਦਾਰ ਆਉਂਦੇ। ਬਾਰ 'ਚ ਕਿਸੇ ਸ਼ਰਾਰਤੀ ਨੇ ਲਿਖ ਦਿੱਤਾ ਸੀ 'ਸਮਾਂ ਬੜਾ ਬਲਵਾਨ' ਹਰ ਇੱਕ ਗੇਟ ਤੇ ਪੜ੍ਹ ਕੇ ਹੈਰਾਨ ਹੋ ਕੇ ਮੁੜ ਜਾਂਦਾ।







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ।
"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"
E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਾਰੀ ਆਨਲਾਈਨ ਮੈਗਜ਼ੀਨ
ਅੰਕ- 09 ਅਦਬੀ ਵਿਰਾਸਤ 2
538 - 632, ਸਥਾਪਨਾ ਦਸੂਹਾ ,20/07/2026 ਤੋਂ 26/07/2026 ( ਨਾਨਕਸ਼ਾਹੀ ਸੰਮਤ 11 ਸਾਵਣ 558) adbivirsat@gmail.com

## ਸਾਲਾਂ ਪੁਰਾਣੇ ਜ਼ਖਮ

ਜੇਠ ਹਾੜ ਦੀਆਂ
ਸਿਖਰ ਦੁਪਹਿਰਾਂ ਵਿੱਚ
ਖੇਤਾਂ ਦੀ
ਭਖਦੀ ਹੋਈ ਮਿੱਟੀ ਵਿੱਚ
ਮੱਚਦੇ ਹੋਏ ਪੈਰਾਂ ਤੇ
ਪਏ ਹੋਏ ਛਾਲੇ
ਤੇ ਛਾਲਿਆਂ ਚੋਂ ਰਿਸਦਾ ਪਾਣੀ
ਜਦ ਖੇਤ ਦੀ ਮਿੱਟੀ ਵਿੱਚ ਮਿਲਦਾ ਹੈ ਤਾਂ
ਫ਼ਸਲ ਪੈਦਾ ਹੁੰਦੀ ਏ

ਤੇ ਫ਼ਸਲ ਨੂੰ ਦੇਖ ਕੇ ਛਾਲਿਆਂ ਦਾ ਦਰਦ ਕੁਝ ਵੀ ਨ੍ਹੀ ਰਹਿੰਦਾ,

..ਪਰ! ਪੱਕੀ ਹੋਈ ਫਸਲ ਤੇ
ਗੜਿਆ ਦਾ ਵਰ੍ਹ ਜਾਣਾ
ਜਾਂ ਅੱਗ ਲੱਗ ਜਾਣਾ
ਜਾਂ ਕਰਜੇ ਦੀ ਭੇਟ ਚੜ ਜਾਣ ਨਾਲ

ਸਾਲਾਂ ਪੁਰਾਣੇ ਜ਼ਖਮ
ਜਿੰਨ੍ਹਾ ਦਾ ਕੋਈ ਨਿਸ਼ਾਨ ਵੀ ਨ੍ਹੀ ਹੁੰਦਾ
ਉਹਨਾਂ ਚੋਂ ਵੀ ਚੀਸਾਂ ਨਿਕਲਣ ਲਗਦੀਆਂ ਨੇ

ਤੇ ਇਹ ਚੀਸਾਂ ਕਦੋਂ ਆਤਮ ਹੱਤਿਆਂ ਦਾ ਰੂਪ ਧਾਰ ਲੈਂਦੀਆਂ ਨੇ ਕੋਈ ਪਤਾ ਨ੍ਹੀ ਚੱਲਦਾ |




## ਪੈਸਾ

ਪੈਸਾ ਪੈਸਾ ਪੈਸਾ
ਪੈਸਾ ਹੀ ਹੁੰਦਾ ਹੈ ਸਭ ਕੁਝ ਜਮਾਨੇ ਵਿਚ
ਪੈਸੇ ਨਾਲ ਚਲੇ ਕੰਮਕਾਰ
ਦੁਨੀਆ ਪੈਸੇ ਦੀ ਮਿਲਦਾ ਨਹੀਂ ਉਧਾਰ

ਪੈਸੇ ਨਾਲ ਚਲਦਾ ਹੈ ਕੰਮ ਅਤੇ ਕਾਰ
ਸਾਰਾ ਹੁੰਦੀ ਪੈਸੇ ਦੀ ਸਭ ਥਾਂ ਪੂਜਾ
ਪੈਸਾ ਹੀ ਹੁੰਦਾ ਸਭ ਭੈਣ ਭਾਈ
ਬਿਨਾਂ ਪੈਸੇ ਦੇ ਨਾ ਕੋਈ ਦੂਜਾ
ਅਜ ਕਲ ਮਾਂ ਤੇ ਪਿਉ ਹੀ ਪੈਸਾ
ਪੈਸਾ ਰਿਸਤੇਦਾਰ
ਦੁਨੀਆ ਪੈਸੇ ਦੀ

ਪੈਸਾ ਪੈਸਾ ਮੰਗਦੇ ਮੈ ਸੜਕਾਂ ਤੇ ਦੇਖੇ
ਦੇਖੇ ਮੰਗਤੇ ਤੇ ਫਕੀਰ
ਜਿਨ੍ਹਾਂ ਦੀਆਂ ਭਰੀਆਂ ਤਜੌਰੀਆ
ਪੈਸੇ ਨਾਲ ਬਣ ਬੈਠੇ ਵੱਡੇ ਅਮੀਰ
ਜਿਹਦੇ ਕੋਲੇ ਪੈਸਾ ਨਹੀਂ ਉਸ ਨੂੰ ਕੰਗਾਲ ਕਹਿੰਦੇ
ਪੈਸੇ ਵਾਲਾ ਸਾਹੁਕਾਰ
ਦੁਨੀਆਂ ਪੈਸੇ ਦੀ

ਚਾਰ ਯਾਰ ਮਿਲਕੇ ਬੈਠੇ ਉ ਜਾਦੇ
ਵਿਸਕੀ ਦੀਆਂ ਬੋਤਲਾ ਮੰਗਾਉਦੇ
ਭਰਕੇ ਜਾਮ ਨਸੇ ਨਾਲ ਯਾਰੋ
ਜਾਮ ਨਾਲ ਜਾਮ ਟਕਰਾਉਦੇ
ਹੈਨੀ ਜੇ ਪੈਸਾ ਜਿਸ ਕੋਲੇ ਯਾਰੋ
ਹੋ ਜਾਉ ਮਹਿਫਲੋ ਬਾਹਰ
ਦੁਨੀਆ ਪੈਸੇ ਦੀ

ਪੈਸੇ ਨਾਲ ਖੇਡ ਹੀ ਜਾਂਦੀ
ਪੈਸਾ ਘੁਮੰਦਾ ਚਾਰੇ ਪਾਸੇ
ਭੀਖ ਮੰਗਣ ਵਾਲਿਆਂ ਨੂੰ ਤਖਤ ਬੈਠਾਵੇ
ਰਾਜਿਆਂ ਦੇ ਹੱਥ ਚ ਕਾਸੇ
ਹੋਵੇ ਜੇ ਪੈਸਾ ਸਭ ਨੇੜੇ ਨੇੜੇ ਹੁੰਦੇ
ਬਿਨਾ ਪੈਸੇ ਨਾ ਯਾਰ
ਦਨੀਆ ਪੈਸੇ ਦੀ

ਪੈਸੇ ਨਾਲ ਬਣਦੀਆਂ ਆਲੀਸਾਨ ਕੋਠੀਆਂ
ਬਿਨਾਂ ਪੈਸੇ ਦੇ ਨਾ ਬਣਦੀ ਕੁੱਲੀ
ਸਾਹੂਕਾਰ ਸੌਂਦੇ ਡਬਲ ਰਜਾਈਆਂ ਲੈਕੇ
ਗਰੀਬ ਦੀ ਪਾਟੀ ਹੋਈ ਜੁੱਲੀ
ਫਤਿਹਗੜ੍ਹ ਪੰਜਤੂਰ ਵਾਲੜਾ ਗੈਂਦੂ
ਰਿਹਾ ਸੱਚੀਆਂ ਉਚਾਰ
ਦੁਨੀਆ ਪੈਸੇ ਦੀ ।




## ਲਾਜ਼ਮੀ ਲਗਾਓ ਰੁੱਖ ਬੱਚਿਓ



ਰੋਗ ਉੱਤੇ ਰੋਗ,ਨਵੇਂ ਆਈ ਜਾਣ ਜੀ।
ਧਰਤੀ ਨੂੰ ਨਰਕ, ਬਣਾਈ ਜਾਣ ਜੀ।
ਇੱਕ ਹੀ ਤਰੀਕੇ,ਮਿਲੇ ਸੁੱਖ ਬੱਚਿਓ।
ਲਾਜ਼ਮੀ ਲਗਾਓ, ਇਕ ਰੁੱਖ ਬੱਚਿਓ।

ਜਿਨ੍ਹਾਂ ਘਰਾਂ ਵਿੱਚ,ਰੁੱਖਾਂ ਦੀਆਂ ਛਾਵਾਂ ਨੇ।
ਬੱਚਿਆ ਦੇ ਨਾਲ,ਖੇਡਦੀਆਂ ਮਾਵਾਂ ਨੇ।
ਓਥੇ ਆਉਂਦਾ ਨਹੀਂ,ਕੋਈ ਦੁੱਖ ਬੱਚਿਓ।
ਲਾਜ਼ਮੀ ਲਗਾਓ, ਇਕ ਰੁੱਖ ਬੱਚਿਓ।

ਚੌਧਰ ਦੀ ਭੁੱਖ,ਸੋਚਦਾ ਨਾ ਬੰਦਾ ਜੀ।
ਰੁੱਖ ਵੱਢ ਗਲ,ਪਾਈ ਜਾਵੇ ਫੰਦਾ ਜੀ।
ਸਮਝੇ ਨਾ ਗੱਲ,ਜੋ ਮਨੁੱਖ ਬੱਚਿਓ।
ਲਾਜ਼ਮੀ ਲਗਾਓ,ਇਕ ਰੁੱਖ ਬੱਚਿਓ।

ਹੱਥੀਂ ਜਿਹਨੂੰ ਲਾਈਏ,ਕਦੇ ਵੀ ਨਾ ਵੱਢੀਏ।
ਪੰਛੀ ਤੇ ਰੁੱਖ ਨਾ,ਕਦੇ ਘਰੋਂ ਕੱਢੀਏ।
ਉਜਾੜੀਏ ਨਾ ਕਦੇ,ਵੀ ਕੁੱਖ ਬੱਚਿਓ।
ਲਾਜ਼ਮੀ ਲਗਾਓ, ਇਕ ਰੁੱਖ ਬੱਚਿਓ।

ਮਿਲੇ ਸ਼ੁੱਧ ਹਵਾ,ਨਾ ਜੀ ਕਿਸੇ ਪਾਸੇ ਤੋਂ।
ਰੋਂਦਾ ਲੱਗੇ ਅੱਜ ਕਲ੍ਹ ਬੰਦਾ ਹਾਸੇ ਤੋਂ।
ਦੇਖੋ ਕਮਲਾਏ, ਪਏ ਮੁੱਖ ਬੱਚਿਓ।
ਲਾਜ਼ਮੀ ਲਗਾਓ,ਇਕ ਰੁੱਖ ਬੱਚਿਓ।




## ਵੇ ਸਤਲੁਜ ਦਰਿਆਵਾ...

ਵੇ ਸਤਲੁਜ ਦਰਿਆਵਾ,
ਮੇਰਾ ਪੁੱਤ ਤਾਂ ਨਹੀਂ ਤੇਰੇ ਕੋਲ?
ਅਰਸੇ ਹੋ ਗਏ ਉਹ ਮੁੜ ਕੇ ਨਹੀਂ ਪਰਤਿਆ,
ਮੇਰੀਆਂ ਅੱਖਾਂ ਦਾ ਚਾਨਣ ਕਿਤੇ ਹੈਗਾ ਤੇਰੇ ਕੋਲ?

ਹਰ ਸਵੇਰ ਮੈਂ ਬੂਹਾ ਖੁੱਲ੍ਹਾ ਰੱਖਦੀ ਹਾਂ,
ਹਰ ਸ਼ਾਮ ਚੌਖਟ 'ਤੇ ਦੀਵਾ ਬਾਲਦੀ ਹਾਂ।
ਹਰ ਆਹਟ ਨੂੰ ਉਹਦੇ ਪੈਰਾਂ ਦੀ ਛਣਕਾਰ ਸਮਝ,
ਅੱਜ ਵੀ ਆਸ ਦਾ ਦਰ ਨਹੀਂ ਢਾਹੁੰਦੀ ਹਾਂ।

ਲੋਕ ਆਖਦੇ ਨੇ, "ਵਕ਼ਤ ਸਭ ਭੁਲਾ ਦਿੰਦਾ ਹੈ,"
ਪਰ ਮਾਂ ਦੀ ਛਾਤੀ ਉੱਤੇ ਲਿਖੇ ਨਾਂ
ਨਾ ਕਦੇ ਮਿਟਦੇ ਨੇ,
ਨਾ ਕਦੇ ਪੁਰਾਣੇ ਹੁੰਦੇ ਨੇ।

ਜੇ ਤੇਰੀਆਂ ਲਹਿਰਾਂ ਨੇ
ਉਹਦੀ ਕੋਈ ਆਖ਼ਰੀ ਚੀਕ ਸੁਣੀ ਹੋਵੇ,
ਜੇ ਤੇਰੀਆਂ ਗਹਿਰਾਈਆਂ ਨੇ
ਉਹਦਾ ਕੋਈ ਸੁਪਨਾ ਸੰਭਾਲਿਆ ਹੋਵੇ,

ਤਾਂ ਇੱਕ ਵਾਰ ਹੀ ਸਹੀ,
ਮੇਰੇ ਵੱਲ ਮੋੜ ਦੇ ਉਹਦੀਆਂ ਰਾਹਾਂ।
ਮੈਂ ਲਾਸ਼ ਨਹੀਂ ਮੰਗਦੀ,
ਮੈਂ ਆਪਣੀ ਉਡੀਕ ਦਾ ਜਵਾਬ ਮੰਗਦੀ ਹਾਂ।

ਵੇ ਸਤਲੁਜ ਦਰਿਆਵਾ,
ਤੂੰ ਤਾਂ ਸਦੀਆਂ ਦਾ ਗਵਾਹ ਏਂ।
ਦੱਸ, ਮੇਰਾ ਪੁੱਤ ਕਿੱਥੇ ਸੁੱਤਾ ਪਿਆ ਏ?
ਜਾਂ ਅੱਜ ਵੀ ਤੇਰੀਆਂ ਲਹਿਰਾਂ ਨਾਲ
ਮੈਨੂੰ ਪੁਕਾਰਦਾ ਫਿਰਦਾ ਏ?

ਜਦ ਤੱਕ ਇਹ ਸਾਹ ਚੱਲਦੇ ਨੇ,
ਮੇਰਾ ਬੂਹਾ ਵੀ ਖੁੱਲ੍ਹਾ ਰਹੇਗਾ,
ਮੇਰੀਆਂ ਅੱਖਾਂ ਵੀ ਰਾਹ ਤੱਕਣਗੀਆਂ।

ਵੇ ਸਤਲੁਜ ਦਰਿਆਵਾ, ਮੈਨੂੰ ਅੱਜ ਵੀ ਆਸ ਹੈ
ਕਿਸੇ ਦਿਨ ਕੋਈ ਆਹਟ ਹੋਵੇਗੀ...
ਤੇ ਮੈਂ ਆਖਾਂਗੀ,

"ਆ ਗਿਆ ਮੇਰਾ ਪੁੱਤ..."








ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



538 - 632, ਸਥਾਪਨਾ ਦਸੂਹਾ ,20/07/2026 ਤੋਂ 26/07/2026 ( ਨਾਨਕਸ਼ਾਹੀ ਸੰਮਤ 11 ਸਾਵਣ 558) adbivirsat@gmail.com

## ਜੀਵਨ ਆਧਾਰ

ਮਿੱਠੇ ਬੋਲ ਤੇ ਵੱਧੀਆ ਵਿਹਾਰ
ਜੀਵਨ ਦਾ ਬਣਾ ਲਓ ਆਧਾਰ

ਇਹਨਾਂ ਤੁਲ ਨਹੀਂ ਕੋਈ ਚਾਰਾ
ਤੇ ਇਹਨਾਂ ਬਿਨਾ ਨਹੀਂ ਗੁਜ਼ਾਰਾ

ਸ਼ੋਹਰਤ, ਤਾਕਤ ਬਦਲਾਂ ਦੀ ਛਾਂ
ਕੁੱਝ ਸਮੇ ਪਿਛੋ ਕੋਈ ਰਹਿੰਦਾ ਨਾ

ਭੱਜ ਨਸ ਸਾਡਾ ਵਿਹੜਾ ਮਲਿਆ
ਹੰਕਾਰ  ਨੇ ਚੌਗਿਰਦਾ ਵਲਿਆ

ਰਿਸ਼ਤੇਦਾਰਾਂ ਚ ਵਧੀਆਂ ਦੂਰੀਆਂ
ਭੁੱਲੀਆਂ ਹੁਣ ਖਾਦੀਆ ਚੂਰੀਆਂ

ਸ਼ੁੱਕਰੀਆਂ ਤੇ ਧੰਨਵਾਦ ਭੁਲੇ ਹਾਂ
ਜੀਭ ਦੇ ਚਸੱਕਿਆਂ ਤੇ ਡੁਲੇ ਆਂ

ਸੁੱਝਿਜੇ ਆਧਾਰ ਸਭ ਅਪਣਾਈਏ,
ਮਾਨ ਸਤਿਕਾਰ ਤਾਂਹੀ ਪਾਈਏ।




## ਹੰਝੂ

ਸਾਹਾਂ ਦੇ ਬਿਨਾਂ ਜੀਅ ਨਹੀ ਹੁੰਦਾ,
ਚਾਹਵੇ ਬੰਦਾ ਕੀ ਨਹੀ ਹੁੰਦਾ,
ਨਾ ਅਣਖੀ ਕਦੇ ਮੈਦਾਨੋਂ ਭੱਜਦੇ,
ਹੰਝੂਆਂ ਨੂੰ ਕਦੇ ਬੰਨ ਨੀ ਵੱਜਦੇ,

ਸਬਰ ਬੰਦੇ ਦਾ ਹੁੰਦਾ ਗਹਿਣਾ,
ਸਦਾ ਜਿੰਦੂ ਨੇ ਸੱਚ ਹੀ ਕਹਿਣਾ,
ਪਰ ਨੀਤ ਦੇ ਭੁੱਖੇ ਕਿੱਥੇ ਰੱਜਦੇ,
ਹੰਝੂਆਂ ਨੂੰ ਕਦੇ ਬੰਨ ਨੀ ਵੱਜਦੇ,

ਛੱਡਣ ਵਾਲੇ ਛੱਡ ਹੀ ਜਾਦੇ,
ਇੱਕ ਦਿਨ ਦਿਲ ਚੋ ਕੱਢ ਹੀ ਜਾਦੇ,
ਝੁਕ ਝੁਕ ਭਾਵੇਂ ਕਰੀਏ ਸੱਜਦੇ,
ਹੰਝੂਆਂ ਨੂੰ ਕਦੇ ਬੰਨ ਨੀ ਵੱਜਦੇ,

ਸੱਜਣ ਕਦੇ ਵੀ ਦੂਰ ਨੀ ਜਾਦੇ,
ਕਹਿ ਕੇ ਉਹ ਮਜਬੂਰ ਨੀ ਜਾਦੇ,
ਕਰ ਕਰ ਉਹ ਤਾਂ ਦੀਦ ਨੀ ਰੱਜਦੇ,
ਹੰਝੂਆਂ ਨੂੰ ਕਦੇ ਬੰਨ ਨੀ ਵੱਜਦੇ,




## ਕੋਈ ਮੈਨੂੰ ਜਾਣ ਨਹੀਂ ਸਕਦਾ

ਕੋਈ ਮੈਨੂੰ ਜਾਣ ਨਹੀਂ ਸਕਦਾ,
ਕੋਈ ਮੈਨੂੰ ਪਛਾਣ ਨਹੀਂ ਸਕਦਾ,
ਕਿਉਂਕਿ ਮੈਂ ਇੱਕ ਰੂਹ ਹਾਂ,
ਕੋਈ ਮੇਰੇ ਨਾਲ਼ ਜ਼ਬਰਦਸਤੀ ਨਹੀਂ ਕਰ ਸਕਦਾ,
ਕੋਈ ਮੇਰੀ ਕੀਮਤ ਸਸਤੀ ਨਹੀਂ ਕਰ ਸਕਦਾ,
ਕਿਉਂਕਿ ਮੈਂ ਇੱਕ ਰੂਹ ਹਾਂ,
ਕੋਈ ਮੈਨੂੰ ਜ਼ਖ਼ਮ ਨਹੀਂ ਦੇ ਸਕਦਾ,
ਮੈਨੂੰ ਖਰੀਦਣ ਲਈ ਰਕਮ ਨਹੀਂ ਦੇ ਸਕਦਾ,
ਕਿਉਂਕਿ ਮੈਂ ਇੱਕ ਰੂਹ ਹਾਂ,
ਕੋਈ ਮੈਨੂੰ ਮਾਰ ਨਹੀਂ ਸਕਦਾ,
ਸ਼ੀਸ਼ੇ ਵਿੱਚ ਉਤਾਰ ਨਹੀਂ ਸਕਦਾ,
ਕਿਉਂਕਿ ਮੈਂ ਇੱਕ ਰੂਹ ਹਾਂ,
ਕੋਈ ਮੈਨੂੰ ਡੋਬ ਨਹੀਂ ਸਕਦਾ,
ਕਦੇ ਵੀ ਦੇ ਰੋਹਬ ਨਹੀਂ ਸਕਦਾ,
ਕਿਉਂਕਿ ਮੈਂ ਇੱਕ ਰੂਹ ਹਾਂ,
ਕੋਈ ਮੈਨੂੰ ਦੁੱਖ ਨਹੀਂ ਦੇ ਸਕਦਾ,
ਕੋਈ ਮੈਨੂੰ ਭੁੱਖ ਨਹੀਂ ਦੇ ਸਕਦਾ,
ਕਿਉਂਕਿ ਮੈਂ ਇੱਕ ਰੂਹ ਹਾਂ,
ਕੋਈ ਮੈਨੂੰ ਤਾਅਨਾਂ ਨਹੀਂ ਦੇ ਸਕਦਾ,
ਮੇਰੇ ਵੱਲ ਨਿਸ਼ਾਨਾਂ ਨਹੀਂ ਦੇ ਸਕਦਾ,
ਕਿਉਂਕਿ ਮੈਂ ਇੱਕ ਰੂਹ ਹਾਂ,
ਕੋਈ ਮੈਨੂੰ ਹਰਾ ਨਹੀਂ ਸਕਦਾ,
ਦਬਕਾ ਮਾਰ ਡਰਾ ਨਹੀਂ ਸਕਦਾ,
ਕਿਉਂਕਿ ਮੈਂ ਇੱਕ ਰੂਹ ਹਾਂ।




## ਨਾਮ ਦੀ ਫ਼ਕੀਰੀ

ਅੱਲ੍ਹਾ ਮੌਲਾ ਨਾਵੇਂ ਜ਼ਿੰਦਗੀ ਲਗਾਈ ਹੋਈਆ
ਉਹਦੇ ਨਾਮ ਦੀ ਫ਼ਕੀਰੀ ਗੱਲ ਪਾਈ ਹੋਈਆ

ਬਗਲ ਚ ਬਗਲੀ ਤੇ ਹੱਥ ਵਿੱਚ ਕਾਸਾ ਏ
ਬੁੱਲ੍ਹਾ ਉੱਤੇ ਨਾਮ ਉਹਦਾ ਦਿਲ ਵਿਚ ਵਾਸਾ ਏ
ਪੱਕੀ ਰੂਹ ਉਹਦੇ ਰੰਗ ਚ ਰੰਗਾਈ ਹੋਈਆ
ਉਹਦੇ ਨਾਮ ਦੀ ਫ਼ਕੀਰੀ ਗੱਲ ਪਾਈ ਹੋਈਆ

ਹਰ ਵੇਲੇ ਓਹਦੇ ਹੀ ਖਿਆਲਾਂ ਵਿੱਚ ਖੋਏ ਆਂ
ਮਲੂਮ ਨਹੀਂਓਂ ਹੁੰਦਾ ਜਿਉਂਦੇ ਆ ਕਿ ਮੋਏ ਆਂ
ਅਸੀਂ ਹਸਤੀ ਵੀ ਖੁਦ ਦੀ ਮਿਟਾਈ ਹੋਈਆਂ
ਉਹਦੇ ਨਾਮ ਦੀ ਫ਼ਕੀਰੀ ਗੱਲ ਪਾਈ ਹੋਈਆ

ਘਰ ਬਾਹਰ ਛੱਡਕੇ ਫ਼ਕੀਰ ਅਸੀਂ ਬਣ ਗਏ
ਸਾਰਿਆਂ ਤੋਂ ਵੱਡੇ ਅਮੀਰ ਅਸੀਂ ਬਣ ਗਏ
ਸਾਰੀ ਜਿੰਦਗੀ ਕਮਾਈ ਇਹ ਕਮਾਈ ਹੋਈਆ
ਉਹਦੇ ਨਾਮ ਦੀ ਫ਼ਕੀਰੀ ਗੱਲ ਪਾਈ ਹੋਈਆ

ਅੱਲ੍ਹਾ ਦੀ ਰਜ਼ਾ ਚ ਜਸਵੀਰ ਅੱਜ ਆਖਦਾ
ਜੱਗ ਵਿੱਚ ਖਾਕਦਾ, ਬਹਿਸ਼ਤਾਂ ਚ ਪਾਕਦਾ
ਧੁਰ ਦਰਗਾਹ ਤੇ ਨਜ਼ਰ ਟਿਕਾਈ ਹੋਈਆ
ਉਹਦੇ ਨਾਮ ਦੀ ਫ਼ਕੀਰੀ ਗੱਲ ਪਾਈ ਹੋਈਆ







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ।
"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"
E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212



## ਮੀਂਹ

ਰਾਤੀਂ ਆਗਿਆ ਮੀਂਹ ਸੀ ਭਾਰੀ।
ਨਾਲ ਹਨੇਰੀ ਬਣ ਆਈ ਲਾੜੀ।
ਲੋਕਾਂ ਲਈ ਰਬ ਠੰਡ ਵਰਤਾਈ।
ਚਾਰੇ ਪਾਸਿਉਂ ਠੰਢਕ ਆਈ।
ਕਰੀ ਕਮਾਲ ਰਾਤ ਸੀ ਸਾਰੀ।
ਆਈਆਂ ਕਣੀਆਂ ਜ਼ੋਰੋ ਜ਼ਾਰੀ।
ਕੁਦਰਤ ਦੇ ਰੰਗ ਹੈ ਵਿਲਖਣ।
ਅਸਮਾਨੀਂ ਬਦਲ ਸਭ ਕੁੱਝ ਦੱਸਣ।
ਜੋ ਕਰਨਾ ਅੱਲ੍ਹਾ ਸਹੀ ਜੇ ਕਰਨਾ।
ਜਗਜੀਤ ਸਿੰਘ ਦੁਰੁਸਤ ਹੈ ਦੱਸਣਾ।




## ਗਰੀਬਾਂ ਦੇ ਹਿੱਸੇ

ਮੈਲੇ ਜਿਹੇ ਪਰਨੇ
ਧਰਨੇ ਤੇ ਧਰਨੇ
ਠਿੱਬੀ ਜਿਹੀ ਜੁੱਤੀ
ਗਰੀਬਾਂ ਦੇ ਹਿੱਸੇ

ਧੁੱਪਾਂ ਚ ਸੜਨਾ
ਪਾਲੇ ਚ ਠਰਨਾ
ਲਾਇਨਾ ਚ ਖੜਨਾ
ਗਰੀਬਾਂ ਦੇ ਹਿੱਸੇ

ਬੇ..ਰੁਜ..ਗਾਰੀ
ਖੱਜਲ..ਖੁਆਰੀ
ਨਿੱਤ ਦੀ ਬਿਮਾਰੀ
ਗਰੀਬਾਂ ਦੇ ਹਿੱਸੇ

ਛੱਤਾਂ ਦਾ ਚੋਣਾਂ
ਅਖੀਆਂ ਦਾ ਰੋਣਾਂ
ਪਾਟੇ ਜਿਹੇ ਲੀੜੇ
ਗਰੀਬਾਂ ਦੇ ਹਿੱਸੇ




## ਘੁੰਡ ਦਾ ਕਲੇਸ

ਘੁੰਡ ਚ ਸਿਪਾਈ ਰੱਖਾਂ ਹਰ ਵੇਲੇ ਮੁੱਖ ਨੀ ,
ਬੰਦਸਾਂ ਚ ਰਹਿ ਕੇ ਅਸੀਂ ਕੱਟੇ ਬਹੁਤ ਦੁੱਖ ਨੀ ,
ਅੱਜ ਨਵੀ ਕੋਈ ਪਿਰਤ ਚਲਾ ਆਈਆਂ ,
ਨੀ ਮੈਂ ਘੁੰਡ ਦਾ ਕਲੇਸ ਮਿਟਾ ਆਈਆਂ ,

ਛੜਾ ਜੇਠ ਰਹਿੰਦਾ ਮੈਨੂੰ ਬਾਰੀ ਵਿੱਚੋਂ ਤੱਕਦਾ ,
ਕਦੋਂ ਘੁੰਡ ਚੁੱਕੇ ਨਿਗਾ ਮੇਰੇ ਵਿੱਚ ਰੱਖਦਾ ,
ਸੁਬਹਾ ਉੱਠ ਕੇ ਮੈਂ ਪੈਰੀ ਹੱਥ ਲਾ ਆਈਂਆਂ ,
ਨੀ ਮੈ ਘੁੰਡ ਦਾ ਕਲੇਸ ਮਿਟਾ ਆਇਆਂ ,

ਸਮਾਂ ਜਦੋਂ ਬਦਲੇ ਤੇ ਸੋਚਾਂ ਨਵੀਂ ਆਉਂਦੀਆਂ ,
ਘੱਗਰੇ ਨੂੰ ਛੱਡ ਲਹਿੰਗੇ ਜੀਨ ਅੱਜ ਪਾਉਂਦੀਆਂ ,
ਨਾਮ ਕਾਲਜ ਚ ਦਾਖਲ ਕਰਾ ਆਈਆਂ ,
ਨੀ ਮੈ ਘੁੰਡ ਦਾ ਟਲੇਸ ਮਿਟਾ ਆਈਆਂ ,

ਸਹੁਰੇ ਅਤੇ ਬਾਪੂ ਦਾ ਫਰਕ ਕਿਵੇ ਰਹਿਗਿਆ ,
ਆਪਣੀ ਬਣਾਕੇ ਧੀ ਨੂੰਹ ਘਰੇ ਲੈ ਗਿਆ ,
ਮੈਂ ਵੀ ਧੀਆਂ ਵਾਲਾ ਫਰਜ ਨਿਭਾ ਆਈਆਂ ,
ਨੀ ਮੈ ਘੁੰਡ ਦਾ ਕਲੇਸ ਮਿਟਾ ਆਈਆਂ ,

ਬਰਾਬਰ ਦੇ ਰੁਤਬੇ ਤੇ ਕੁੜੀਆਂ ਨਾ ਘੱਟ ਹੈ ,
ਹੁਣ ਅਸੀਂ ਪਿੱਛੇ ਨਹੀਂ ਬਰਾਬਰ ਦਾ ਹੱਕ ਹੈ ,
ਮੱਖਣ ਸ਼ਰਮੇ ਨੂੰ ਗੱਲ ਸਮਝਾ ਆਈਆਂ ,
ਨੀ ਮੈ ਘੁੰਡ ਦਾ ਕਲੇਸ ਮਿਟਾ ਆਈਆਂ ,




## ਸਾਵਣ ਮਿਲਿਆ

ਕੱਲ੍ਹ ਮੈਨੂੰ ਸੀ
ਸਾਵਣ ਮਿਲਿਆ
ਲਟਾਂ ਬਿਖੇਰੇ
ਹੰਝੂ ਕੇਰੇ
ਮੂੰਹੋਂ ਓਹ ਕੁਝ
ਬੋਲ ਨਾ ਪਾਏ
ਦੇ ਕੇ ਦਿਲਾਸਾ
ਕੋਲ ਬਿਠਾਇਆ---
ਕੀ ਇਹ ਤੂੰ
ਹਾਲ ਬਣਾਇਆ-- ?
ਬਾਰ ਬਾਰ ਮੈਂ
ਪਰਚਾ ਪਾਇਆ---
ਪੁੱਛੇ ਮੈਨੂੰ
ਆਮਦ ਮੇਰੀ ਤੇ
ਸਜਦੇ ਸੀ
ਤ੍ਰਿੰਝਣ ਦੇ ਵਿਹੜੇ
ਚਰਖੇ ਦੀ ਘੂਕਰ
ਗੀਤਾਂ ਦੀਆਂ ਹੇਕਾਂ

ਢੋਲੀ ਦੇ ਢੋਲ---
ਪਰ
ਕੁਝ ਵੀ ਤਾਂ
ਨਜ਼ਰੀਂ ਨਾ ਆਵੇ-
ਰੀਝਾਂ ਦੀ ਫੁਲਕਾਰੀ
ਓੜੀ
ਹੁਸਨਾਂ ਲੱਦੀਆਂ
ਮੁਟਿਆਰਾਂ ਕਿੱਥੇ--?
ਲਾਲ ਗੁਲਾਬੀ
ਗੋਟਿਆਂ ਲੱਦੀਆਂ
ਓੜਨੀਆਂ ਦੇ
ਓਡਨ ਕਿੱਥੇ---
ਹੱਥਾਂ ਉਤੇ ਮਹਿੰਦੀ
ਸ਼ਗਨਾਂ ਵਾਲੀ
ਵੀ ਤਾਂ ਕਿਤੇ ਨਾ
ਕਿਤੇ !
ਬਾਝੋਂ ਵੰਗਾਂ
ਬਾਝੋਂ ਪੀਂਘਾਂ

ਵੀਣੀਆਂ ਸੁੰਨੀਆਂ ਪਿੱਪਲ ਸੁੰਨੇ
ਬਾਝੋਂ ਢੋਲ ਦੇ ਬਾੜੇ ਰੁੰਨੇ...
ਕਿੱਥੇ ਤੀਆਂ ਕਿਥੇ ਹਾਸੇ---
ਕਿੱਥੇ ਪੀਘਾਂ ਦੇ ਹੁਲਾਰੇ---
ਕਿੱਥੇ ਤ੍ਰਿੰਝਣ ਕਿੱਥੇ ਗਿੱਧੇ---
ਮਹਿੰਦੀ ਰੰਗੇ ਹੱਥ ਪਿਆਰੇ---
ਕਿਉਂ ਧਰਤੀ ਗ਼ਮਖਾਰ ਜਹੀ ਹੈ
ਕਿਉਂ ਰੁੱਸੀ ਮੁਟਿਆਰ ਜਹੀ ਹੈ
ਕਿਸਨੇ ਖੋਹੇ ਹਾਸੇ ਖੇੜੇ
ਕਿਵੇਂ ਹੋ ਗਏ ਵਿਰਾਨੇ ਵੇਹੜੇ...?
ਸਾਵਣ ਨੂੰ ਮੈਂ
ਫਿਰ ਸਮਝਾਇਆ
ਤੀਆਂ ਕੁੜੀਆਂ ਦਾ ਤਿਉਹਾਰ
'ਕੁੜੀਮਾਰ' ਬਣ ਗਿਆ ਪੰਜਾਬ



## ਗ਼ਜ਼ਲ

ਕਹਿਰ ਬੜਾ ਏ ਲੂਹਾਂ ਦਾ।
ਪਾਣੀ ਸੁੱਕਿਆ ਖੂਹਾਂ ਦਾ ।

ਜਿਸਮ ਦੀਆਂ ਇਹ ਮੰਡੀਆਂ ਨੇ,
ਮੇਲਾ ਕਿੱਥੇ ਰੂਹਾਂ ਦਾ।

ਪੈੜਾਂ ਸਾਂਭੀ ਬਹਿ ਗਈਆਂ,
ਪੁੱਛੀਂ ਹਾਲ ਬਰੂਹਾਂ ਦਾ।

ਲੋਕ ਕਿਰਲੀਆਂ ਵਰਗੇ ਨੇ,
ਕਾਰ ਵਿਹਾਰ ਏ ਸੂਹਾਂ ਦਾ ।

ਬਰਕਤ ਬਾਝੋਂ ਊਣੇ ਘਰ,
ਮੋਹ ਨਈਂ ਸੱਸਾਂ, ਨੂੰਹਾਂ ਦਾ।

ਬੋਲਾਂ ਵਿੱਚ ਮਿਠਾਸ ਬੜੀ,
ਡੰਗ ਰੱਖਦੇ ਨੇ ਠੂਹਾਂ ਦਾ।

ਪੋਤੇ,ਦੋਹਤੇ ਭਾਲ ਰਹੇ,
'ਜੀਵਨ' ਪਾਣੀ ਖੂਹਾਂ ਦਾ।




## ਗ਼ਜ਼ਲ

ਰੂਹ ਦਾ ਹਾਣੀ ਮਿਲ ਜਾਵੇ ਜਦ ਰਾਹਵਾਂ ਵਿੱਚ।
ਚਾਹੁੰਦਾ ਹਾਂ, ਲਾ ਸੀਨੇ, ਘੁੱਟ ਲਾਂ ਬਾਹਵਾਂ ਵਿੱਚ।

ਬਣੀਆਂ ਵੇਖ ਤਿਕੋਣਾਂ ਵਰਗਾਕਾਰ ਦੀਆਂ,
ਖੇਤ ਪੁਰਖਿਆਂ ਦੇ ਸੀ ਚਾਰ ਭੁਜਾਵਾਂ ਵਿੱਚ।

ਪਾਣੀ ਦਾ ਰੰਗ ਇੱਕ ਤੇ ਵਹਿਣ ਬਰਾਬਰ ,ਪਰ
ਖਿੱਚੀਆਂ ਲਾਲ ਲਕੀਰਾਂ ਪੰਜ ਦਰਿਆਵਾਂ ਵਿੱਚ।

ਲੂਆਂ ਚੱਲਣ , ਧੁੱਪਾਂ ਸਾੜਣ ਤੁਰਿਆ ਚੱਲ ,
ਭੁੱਲ ਜਾਵੇਂਗਾ ਰਾਹ ਮੰਜ਼ਿਲ ਦਾ ਛਾਵਾਂ ਵਿੱਚ।

ਧਰਨੇ ,ਬੰਦ ,ਹੜਤਾਲਾਂ ਕੀ ਨੇ ?ਅਰਜੁਨ ਬਣ,
ਛੱਡਿਆ ਨਾ ਕਰ ਐਵੇਂ ਤੀਰ ਹਵਾਵਾਂ ਵਿੱਚ।

ਗਏ ਵਿਦੇਸ਼ੀਂ ਚਿਰ ਤੋਂ ਪੁੱਤ , ਅਖ਼ੀਰ ਸਮੇਂ,
ਨਾ ਲੱਭਦੇ, ਨਾ ਸਾਹ ਸਤ ਰਹਿੰਦਾ ਮਾਂਵਾਂ ਵਿੱਚ।

ਲਹਿ ਜਾਵੇਗੀ ਮਾਹਲ, ਤੂੰ ਹੱਥੀ ਸਿੱਧੀ ਰੱਖ,
ਸੁਰਤ ਟਿਕਾਈ ਹੈ ਤੂੰ ਕਿਹੜੇ ਰਾਹਵਾਂ ਵਿੱਚ।

ਸਾਜ਼,ਸਬਦ ਤੇ ਸੱਭਿਅਕ ਮਹਿਫ਼ਿਲ ਖ਼ੂਬ ਸਜੀ,
ਅਪਣੀ ਡਫ਼ਲੀ ਮੈਂ ਕਾਹਤੋਂ ਖੜਕਾਂਵਾਂ ਵਿੱਚ।

ਸੁਣਦੀ ਨਾ ਹੁਣ ਕਿਧਰੇ ਕੂ-ਕੂ ਕੋਇਲਾਂ ਦੀ,
ਕਾਂ ਕਾਂ ਹੁੰਦੀ ਰਹਿੰਦੀ ਅੱਜ ਕੱਲ੍ਹ ਕਾਵਾਂ ਵਿੱਚ।

ਲੱਭਣਾਂ ਹੈ 'ਪੰਜਾਬੀ' ਜੋ ਕੁੱਝ,ਘਰ 'ਚੋਂ ਲੱਭ,
ਤੱਕਿਆ ਨਾ ਕਰ ਐਵੇਂ ਦੂਰ ਖ਼ਲਾਵਾਂ ਵਿੱਚ।




## ਬੋਲੀਆਂ ਸਾਉਣ ਦੀਆਂ

ਸਾਉਣ ਦੀਆਂ ਬੋਲੀਆਂ
ਜੀਹਨੇ ਕੁੱਲ ਸ੍ਰਿਸ਼ਟੀ ਸਾਜੀ,
ਉਹਦਾ ਸ਼ੁਕਰ ਮਨਾਵਾਂ।
ਚਹੁੰ ਪਾਸੇ ਹਰਿਆਲੀ ਨੱਚਦੀ,
ਮੈਂ ਬਲਿਹਾਰੇ ਜਾਵਾਂ।
ਸਾਉਣ ਮਹੀਨਾ ਦਿਨ ਤੀਆਂ ਦੇ,
ਜੋੜ ਬੋਲੀਆਂ ਪਾਵਾਂ।
ਕੁਦਰਤ ਦਾਤੇ ਦੀ,
ਝੁਕ ਝੁਕ ਸੀਸ ਨਿਵਾਵਾਂ।

ਆਰੀ-ਆਰੀ-ਆਰੀ,
ਹੁਣ ਉਹ ਕਿੱਧਰ ਗਈ,
ਜਿਹੜੀ ਲਗਦੀ ਰੌਣਕ ਸੀ ਭਾਰੀ।
ਕਿਹੜੀ ਮਿੱਤਰੋ ਵਗੀ ਹਨੇਰੀ,
ਹੋਰ ਦੱਸੋ ਕੀ ਹੋਇਆ
ਪਿੱਪਲ਼ਾਂ ਦੇ ਗਲ਼ ਲੱਗ ਕੇ,
ਪਿੰਡ ਦਾ ਬਰੋਟਾ ਰੋਇਆ...

ਸਾਉਣ ਤੇ ਭਾਦੋਂ ਇੱਕੋ ਹੋਈਆਂ,
ਕਿਹੜਾ ਫਰਕ ਪਛਾਣੇ।
ਖੀਰ ਪੂੜਿਆਂ ਨੂੰ ਨੱਕ ਮਾਰਨ,
ਪੀਜ਼ੇ ਖਾਣ ਨਿਆਣੇ।
ਬੋਲੀ ਪਾਉਣੀ ਭੁੱਲੀ ਪੰਜਾਬਣ,
ਗਾਉਂਦੀ ਫਿਲਮੀ ਗਾਣੇ।
ਬੋਲੀ ਬਦਲ ਗਈ
ਬਦਲ ਗਏ ਨੇ ਬਾਣੇ...

ਤੇਲ ਬਾਝ ਨਾ ਪੱਕਣ ਗੁਲਗਲੇ,
ਦੇਖ ਲਿਆ ਪਰਤਿਆਕੇ।
ਸਾਰੀ ਰਾਤ ਮੈਨੂੰ ਨੀਂਦ ਨੀ ਆਈ,
ਤੱਤੇ ਗੁਲਗਲੇ ਖਾ ਕੇ।

ਬੀ. ਪੀ. ਨਾਲ਼ੇ ਸ਼ੂਗਰ ਵਧਗੀ,
ਚੱਲ ਡਾਕਟਰ ਕੋਲ਼ ਜਾਈਏ।
ਖਾ ਲਏ ਰੋਗਾਂ ਨੇ,
ਕਿੱਦਾਂ ਸਾਉਣ ਮਨਾਈਏ...

ਕੰਧ ਉੱਚੀਓ ਉੱਚੀ,
ਕੋਠਾ ਨਿੱਸਰ ਗਿਆ,
ਨੀ ਬਚਾ ਲਓ ਸਖੀਓ
ਵਿਰਸਾ ਵਿੱਸਰ ਗਿਆ।
ਨੀ ਬਚਾ ਲਓ....

ਰੰਗਲਾ ਕਿਤੇ ਪੰਜਾਬ ਖੋ ਗਿਆ,
ਚਿੱਟਾ ਖਾਏ ਜਵਾਨੀ।
ਚੌੜੇ ਜੁੱਸੇ ਸੌੜੇ ਹੋ ਗਏ,
ਘਰ-ਘਰ ਇਹੀ ਕਹਾਣੀ।
ਜੰਗਲ ਨੂੰ ਅੱਗ ਕੀਹਨੇ ਲਾਈ,
ਛਿੱਟਾ ਮਾਰ ਬੁਝਾਦੇ,
ਸਾਉਣ ਦਿਆ ਬੱਦਲ਼ਾ ਵੇ,
ਹਾੜਾ ਠੰਢ ਵਰਸਾਦੇ...
ਨਾ ਗਲ਼ੀਆਂ ਵਿੱਚ ਬਚਪਨ ਖੇਡੇ,
ਨਾ ਕੋਈ ਮੀਂਹ ਵਿੱਚ ਨ੍ਹਾਵੇ।
ਨਾ ਪਿੱਪਲ਼ੋਂ ਕੋਈ ਪੱਤੇ ਤੋੜੇ,
ਨਾ ਕੋਈ ਪੀਘਾਂ ਪਾਵੇ।
ਸਾਰਾ ਕੁੱਝ ਹੁਣ ਨਕਲੀ ਜਾਪੇ,
ਵਾਂਗ ਕਾਗਜ਼ੀ ਫਾਈਲਾਂ।
ਬਚਪਨ ਕੀਲ੍ਹ ਲਿਆ,
ਟੀ. ਵੀ. ਅਤੇ ਮੋਬਾਈਲਾਂ...

ਪਿੱਪਲ਼ ਬਰੋਟੇ ਕੋਲ਼ੋਂ ਪੁੱਛਦਾ,
ਸਾਂਝਾਂ ਕਿੱਧਰ ਗਈਆਂ।
ਛਿੰਝਾਂ ਮੱਲ ਅਖਾੜੇ ਮੁੱਕੇ,
ਗੀਤ ਗਾਉਣ ਨਾ ਸਈਆਂ।
ਕਿੰਨੀਆਂ ਚੀਜ਼ਾਂ ਨਿਗਲ਼ ਗਈ,
ਇਹ ਬੇ ਮਤਲਬ ਦੀ ਤੇਜ਼ੀ।
ਪਿੰਡ ਦਾ ਪਿੜ ਖਾਲੀ,
ਤੀਆਂ ਹੋਈਆਂ ਸਟੇਜੀ।

ਮੱਝੀਆਂ ਚਰਾ ਲਓ ਭੈਣ
ਮਾਰੇ ਨਾ ਅਵਾਜ਼ ਵੇ।
ਬਾਪੂ ਰਹਿ ਗਿਆ 'ਕੱਲਾ
ਵੀਰੇ ਚੜ੍ਹਗੇ ਜਹਾਜ਼ ਵੇ।
ਬਾਪੂ ਰਹਿ ਗਿਆ......

ਬੇੜੀ ਦਾ ਪੂਰ ਤ੍ਰਿੰਝਣੀ ਕੁੜੀਆਂ,
ਵੇਲ਼ਾ ਫੇਰ ਨਾ ਆਵੇ।
ਨਵਿਆਂ ਸੰਗ ਰਲ਼ ਤੁਰਨਾ ਪੈਣਾ,
"ਸਿੱਧੂ" ਮਨ ਸਮਝਾਵੇ।
ਦਿਲ ਦੇ ਕੋਨੇ ਵਸਿਆ ਸਾਵਣ,
ਝੋਰਾ ਮਨ ਨੂੰ ਲਾਵੇ।
ਨੱਚ ਲੈ ਸ਼ਿਆਮ ਕੁਰੇ,
"ਸਿੱਧੂ" ਬੋਲੀਆਂ ਪਾਵੇ।




## ਦੇਰ ਨਾ ਲੱਗਦੀ

ਦਿੰਦਾ ਹੈ ਇਤਿਹਾਸ ਗਵਾਹੀ,
ਡੰਗਰ ਬਣਦਿਆਂ ਦੇਰ ਨਾ ਲੱਗਦੀ |

ਹੱਸਦੀ - ਵੱਸਦੀ ਦੁਨੀਆਂ ਜਾਪੇ,
ਖੰਡਰ ਬਣਦਿਆਂ ਦੇਰ ਨਾ ਲੱਗਦੀ |

ਸੂਰਜ ਨੂੰ ਜਦ ਆਉਂਦਾ ਗੁੱਸਾ,
ਧਰਤੀ ਤਪਦਿਆਂ ਦੇਰ ਨਾ ਲੱਗਦੀ |

ਮਿੰਟਾਂ ਦੇ ਵਿੱਚ ਆਉਣ ਹਵਾਵਾਂ,
ਬਰਫ਼ਾਂ ਡਿੱਗਦਿਆਂ ਦੇਰ ਨਾ ਲੱਗਦੀ |

ਸੌ ਸੌ ਕਸਮਾਂ ਖਾਂਦੀ ਦੁਨੀਆਂ,
ਵਾਅਦੇ ਭੁੱਲਦਿਆਂ ਦੇਰ ਨਾ ਲੱਗਦੀ |

ਵੇਸ ਫ਼ਕੀਰੀ ਕੰਮ ਸ਼ੈਤਾਨੀ,
ਕੁਰਸ਼ੇਤਰ ਬਣਦਿਆਂ ਦੇਰ ਨਾ ਲੱਗਦੀ |

ਕਰਨ ਦਿਖਾਵਾ ਪ੍ਰੇਮ ਜਤਾਉਂਦੇ,
ਦੁਸ਼ਮਣ ਬਣਦਿਆਂ ਦੇਰ ਨਾ ਲੱਗਦੀ |

"ਸਹਿਜ" ਇਹ ਦੁਨੀਆਂ ਗਿਰਗਟ ਵਾਂਗੂ,
ਕੀ ਕਰਨਾ ਇਤਬਾਰ ਭਲਾ,

ਮੁੱਕ ਜਾਣੇ ਸਭ ਰੰਗ - ਤਮਾਸ਼ੇ,
ਪਰਲੋ ਆਉਂਦਿਆਂ ਦੇਰ ਨਾ ਲੱਗਦੀ |








ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਰੀ ਆਨਲਾਈਨ ਮੈਗਜ਼ੀਨ
ਅੰਕ- 09 ਅਦਬੀ ਵਿਰਾਸਤ 6
538 - 632, ਸਥਾਪਨਾ ਦਸੂਹਾ ,20/07/2026 ਤੋਂ 26/07/2026 ( ਨਾਨਕਸ਼ਾਹੀ ਸੰਮਤ 11 ਸਾਵਣ 558) adbivirsat@gmail.com

## ਮਾੜੇ ਉੱਪਰ ਰੋਹਬ ਜਮਾਉਣਾ

ਆਕੜ ਵਿੱਚ ਨਹੁੰ ਨੀਂ ਖੁੱਭਦਾ,
ਮੋਢਿਆਂ ਉਪਰੋਂ ਥੁੱਕਦਾਂ ਏ।
ਮਾੜੇ ਉੱਪਰ ਰੋਹਬ ਜਮਾਉਣਾ,
ਤੂੰ ਤਕੜੇ ਦੇ ਅੱਗੇ ਝੁੱਕਦਾਂ ਏ।

ਨਿਮਰਤਾ ਸਾਦਗੀ ਹਲੀਮੀ ਦੇ,
ਅਸਲੋਂ ਹੀ ਅਰਥ ਭੁੱਲ ਗਿਆਂ ।
ਰਿਸ਼ਤੇ ਨਾਅਤੇ ਤੂੰ ਭੁੱਲਕੇ ਸਾਰੇ,
ਮਾਇਆ ਦੇ ਉੱਪਰ ਡੁੱਲ ਗਿਆਂ ।
ਵਿਸ਼ਵਾਸ ਜਿਹੜਾ ਵੀ ਕਰਦਾ ਏ,
ਤੂੰ ਡੰਡਾ ਓਹਦਾ ਹੀ ਡੁੱਕਦਾਂ ਏ।
ਮਾੜੇ ਓਪਰ ਰੋਹਬ ਜਮਾਉਣਾ.........।

ਹੱਕ ਸੱਚ ਇਨਸਾਫ ਦੇ ਉੱਤੇ,
ਖੜ੍ਹਨਾ ਤੈਨੂੰ ਆਉਂਦਾ ਨਹੀਂ।
ਜਿੱਥੇ ਕਿਤੇ ਵੀ ਧੱਕਾ ਹੈ ਹੁੰਦਾ,
ਉਥੇ ਤੂੰ ਕਦੇ ਖੜ੍ਹਾਉਂਦਾ ਨਹੀਂ।
ਅਮੀਰਾਂ ਦੇ ਤੂੰ ਔਗਣ ਕੱਜਦੇਂ
ਗਰੀਬ ਦੀ ਗੱਲ ਤੂੰ ਚੁੱਕਦਾਂ ਏ।
ਮਾੜੇ ਉੱਪਰ ਰੋਹਬ ਜਮਾਉਣਾ.......।

ਉੱਤਮ ਜੀਵਨ ਪਾ ਕੇ ਵੀ ਤੂੰ,
ਘਟੀਆ ਹੀ ਕੰਮ ਕਰਦਾਂ ਏ।
ਦੁਨੀਆਂ ਮੈਨੂੰ ਕੀ ਆਖੇ ਗੀ,
ਭੋਰਾ ਨਾ ਬੰਦਿਆ ਡਰਦਾਂ ਏਂ।
ਜੀਹਦੇ ਤੱਕ ਵੀ ਗੌਂ ਹੈ ਹੁੰਦਾ,
ਤੂੰ ਓਹਦੇ ਕੋਲ ਹੀ ਰੁਕਦਾਂ ਏਂ।
ਮਾੜੇ ਉਪਰ ਰੋਹਬ ਜਮਾਉਣਾ.......।

ਮਨੁੱਖਾ ਜਨਮ ਉਤਮ ਹੈ ਬੰਦੇ,
ਐਵੇਂ ਕਿਤੇ ਗਵਾ ਨਾ ਬੈਠੀਂ।
'ਅਮਰੀਕ ਤਲਵੰਡੀ'ਵਰਗੇ ਤੋਂ,
ਗੱਲਾਂ ਕਿਤੇ ਕਰਾ ਨਾ ਬੈਠੀਂ।
ਸੋਚ ਸਮਝ ਕੇ ਚੁੱਕ ਬੰਦਿਆ,
ਕਦਮ ਜਿਹੜਾ ਵੀ ਚੁੱਕਦਾਂ ਏਂ।
ਮਾੜੇ ਉੱਪਰ ਰੋਹਬ ਜਮਾਉਣਾ........।




## ਸੋਚਾਂ ਦੇ ਪਹਾੜ

ਸੋਚਾਂ ਦੇ ਪਹਾੜ ਤੇ ਚੜਦਾ ਹੀ ਰਹਿੰਦਾ ਹਾਂ ।
ਯਾਦਾਂ ਦੇ ਪਰਛਾਵੇਂ ਫੜਦਾ ਹੀ ਰਹਿੰਦਾ ਹਾਂ ॥

ਅੱਖੀਆਂ ਵਿੱਚ ਡੋਲਦਾ ਸਾਗਰ ਅਤੀਤ ਦਾ ,
ਮੈਂ ਮਛਲੀਆਂ ਦੇ ਵਾਂਗ ਤਰਦਾ ਹੀ ਰਹਿੰਦਾ ਹਾਂ ।

ਛਿੜਦੀ ਹੈ ਜਦ ਕਿਤੇ ਵੀ ਹੁਸਨਾਂ ਦੀ ਗੱਲ ਕੋਈ ,
ਚਰਚਾ ਮੈਂ ਤੇਰੇ ਰੂਪ ਦਾ , ਕਰਦਾ ਹੀ ਰਹਿੰਦਾ ਹਾਂ ।

ਮਰਦੀ ਹੈ ਇਹ ਦੁਨੀਆ ਦੌਲਤਾਂ ਤੇ ਸ਼ੋਹਰਤਾਂ 'ਤੇ ,
ਪਰ ਮੈਂ ਰੂਪ ਤੇਰੇ 'ਤੇ , ਮਰਦਾ ਹੀ ਰਹਿੰਦਾ ਹਾਂ ।

ਜਲਦੇ ਨੇ ਪਰਵਾਨੇ ਕਈ ਸ਼ਮਾ ਦੀ ਰੋਸ਼ਨੀ ਵਿੱਚ ,
ਪਰ ਮੈਂ ਇਸ਼ਕ ਤੇਰੇ ਵਿੱਚ , ਜਲਦਾ ਹੀ ਰਹਿੰਦਾ ਹਾਂ ।




## ਕੈਨੇਡਾ ਡਾਇਰੀ

ਜੂਨ-ਜੁਲਾਈ ਦੀ ਤਪਦੀ ਗਰਮੀ ਤੋ ਰਾਹਤ ਪਾਉਣ ਲਈ ਮੈਂ ਤੇ ਮੇਰੇ ਘਰਵਾਲੀ ਜਿਹੜੀ ਕਿ ਘਰਦਿਆਂ ਰੁਝੇਵਿਆਂ ਤੋਂ ਵਿਹਲੀ ਸੀ, ਆਪਣੇ ਪੁੱਤਰ ਕੋਲ ਕਨੇਡਾ ਆ ਗਏ । ਚਾਹਤ ਮਨ ਵਿੱਚ ਇਹ ਵੀ ਸੀ ਕਿ , ਉੱਥੋਂ ਦੇ ਵਾਤਾਵਰਨ ਅਤੇ ਕੁਦਰਤੀ ਦ੍ਰਿਸ਼ਾਂ ਆਦਿ ਦਾ ਅਨੰਦ ਮਾਣਿਆ ਜਾਏ। ਉੱਥੋਂ ਦੇ ਸੱਭਿਆਚਾਰ,ਬੋਲੀ ਅਤੇ ਸਮਾਜਿਕ ਜੀਵਨ ਤੇ ਝਾਤੀ ਮਾਰੀ ਜਾਏ ।ਭੂਗੋਲਿਕ ਸਥਿਤੀ ਨੂੰ ਜਾਣਿਆ ਜਾਏ ।

ਅਸੀਂ ਆਪਣੇ ਦੋ ਬੈਗ ਤਿਆਰ ਕਰਕੇ ਜਿਸ ਵਿੱਚ ਕੱਪੜੇ ਕੁਝ ਦਵਾਈਆਂ ਆਦਿ ਨਿਕ-ਸੁੱਕ ਲੈ ਕੇ ਪਿੰਡ ਪੰਨਵਾਂ (ਦਸੂਹਾ) ਜ਼ਿਲ੍ਹਾ ਹੁਸ਼ਿਆਰਪੁਰ ਤੋਂ ਇੱਕ ਕਰਾਏ ਵਾਲੀ ਕਾਰ ਵਿੱਚ ਸਵਾਰ ਹੋ ਕੇ ਦਿੱਲੀ ਏਅਰਪੋਰਟ ਤੇ ਆ ਗਏ ।ਰਾਤ ਡੇੜ ਵਜੇ ਸਾਡੀ ਫਲਾਈਟ ਸੀ । ਅਸੀਂ ਏਅਰਇੰਡੀਆ ਦੀ ਫਲਾਈਟ ਸ਼ੀਟ ਨੰ. 31-32 ਤੇ ਬੈਠ ਗਏ, ਬੈਲਟਾਂ ਬੰਨ੍ਹ ਲਈਆਂ ਵੀਹ ਕੁ ਮਿੰਟਾਂ ਬਾਅਦ ਜਹਾਜ਼ ਨੇ ਉਡਾਣ ਭਰੀ ਤੇ ਬੱਦਲਾਂ ਦੀ ਸੈਰ ਵਿੱਚ ਆ ਗਏ ।

ਸੱਤ ਘੰਟੇ ਦੀ ਲੰਬੀ ਉਡਾਣ ਤੋਂ ਬਾਅਦ ਜਹਾਜ ਵਿਆਨਾ ਏਅਰਪੋਰਟ ਤੇ ਲੈਂਡ ਹੋਇਆ ।ਦਿਨ ਦੇ ਅੱਠ ਕੁ ਵਜੇ ਦਾ ਟਾਈਮ ਹੋਵੇਗਾ ।ਜਹਾਜ਼ ਵੀ ਸ਼ਾਇਦ ਫਿਊਲ ਲੈਣ ਉੱਤਰਿਆ ਹੋਵੇਗਾ । ਮੈਂ ਆਪਣੀ ਸ਼ੀਟ ਤੋਂ ਉੱਠ ਕੇ ਲੱਤਾਂ ਸਿੱਧੀਆਂ ਕਰਨ ਲਈ ਜਹਾਜ਼ ਅੰਦਰ ਬਣੀ ਪੱਗਡੰਡੀ ਤੇ ਘੁੰਮਿਆ-ਫਿਰਿਆ ਕੁੱਝ ਹੀ ਚਿਰ ਬਾਅਦ ਮੈਂ ਆਪਣੀ ਤੀਜੀ ਸ਼ੀਟ ਜਿਹੜੀ ਛੋਟੇ ਜਿਹੇ ਸ਼ੀਸ਼ੇ ਨਾਲ ਸੀ, ਬਾਹਰ ਸਭ ਕੁਛ ਦਿਸਦਾ ਸੀ ਤੇ ਆਣ ਕੇ ਬੈਠ ਗਿਆ ।

ਜਹਾਜ ਦੀਆਂ ਸ਼ੀਟਾਂ ਅਰਾਮਦਾਇਕ ਨਹੀਂ ਸਨ,ਲੱਤਾਂ ਵੀ ਪੂਰੀ ਤਰ੍ਹਾਂ ਪਸਾਰੀਆਂ ਨਹੀਂ ਜਾਂਦੀਆਂ ਸਨ । ਬਿਲਟ ਲਾਈ ਹੋਣ ਕਰਕੇ ਇਸ ਤਰ੍ਹਾਂ ਜਾਪਦਾ ਸੀ,ਜਿਵੇਂ ਬਾਜਰੇ ਦੀ ਭਰੀ ਛੁੱਬੇ ਨਾਲ ਬੱਧੀ ਹੁੰਦੀ ਹੈ । ਨੌਂ ਘੰਟੇ ਦੀ ਉਡਾਣ ਤੋਂ ਬਾਅਦ ਅਸੀਂ ਟਰਾਂਟੋ ਏਅਰਪੋਰਟ ਤੇ ਲੈਂਡ ਹੋਏ ।

ਕਾਕਾ ਜੀ ਸਾਡੀ ਵੇਟ ਕਰ ਰਹੇ ਸਨ , ਪੁੱਤਰ ਨੂੰ ਪਿਆਰ ਨਾਲ ਗਲੇ ਲਗਾਇਆ । ਉ ਸ ਦੇ ਮਿੱਤਰ ਨੇ ਲੱਗੈਜ ਉਸ ਦੀ ਕਾਰ ਵਿੱਚ ਰੱਖਿਆ ਤੇ ਬਰੰਪਟਨ ਵੱਲ ਜਿੱਥੇ ਉਸ ਦਾਘਰ ਸੀ ਵੱਲ ਚੱਲ ਪਏ ਤੇ ਕੁੱਝ ਹੀ ਮਿੰਟਾਂ ਵਿੱਚ ਘਰ ਆ ਗਏ । ਇਹ ਇੱਕ ਬੇਸਮੈਂਟ ਸੀ ਜਿੱਥੇ ਉਹ ਰਹਿ ਰਿਹਾ ਸੀ ਪਰ ਸ਼ਾਨਦਾਰ,ਹਵਾਦਾਰ ਸੀ ॥ ਚਾਹ-ਪਾਣੀ ਪੀਤਾ ,ਕੁੱਝ ਚਿਰ ਅਰਾਮ ਕੀਤਾ ਦਿਨ ਵੱਡੇ ਹੋਣ ਕਰਕੇ ਸਵੇਰੇ ਸੂਰਜ ਪੰਜ ਵਜੇ ਉੱਗਦਾ ਤੇ ਸ਼ਾਮੀ ਨੌਂ ਵਜੇ ਛਿਪਦਾ । ਰਾਤ ਦਾ ਖਾਣਾ ਖਾ ਕੇ ਅਸੀਂ ਸੌਂ ਗਏ ।

ਅਗਲੇ ਦਿਨ ਕਾਕਾਜੀ ਆਪਣੀ ਗਾੜੀ ਵਿੱਚ ਸਾਨੂੰ ਘੁਮਾਉਣ-ਫਿਰੋਣ ਲਈ ਉਂਟਾਰੀਓ ਲੇਕ ਤੇ ਲੈ ਗਿਆ। ਮੈਂ ਕਾਰ ਵਿੱਚੋਂ ਬਾਹਰ ਝਾਤੀ ਮਾਰੀ ਬਹੁਤੀ ਸੁੰਦਰ ਘਰ ਬਿਲਕੁਲ ਤਰਤੀਬ ਵਿੱਚ ਬਣੇ ਹੋਏ । ਇੱਕ ਹੀ ਟਾਇਪ ਦੇ ਮਕਾਨ ਅਨਕੂਲ ਵਾਤਾਵਰਨ ਅਨੁਸਾਰ ਬਣੇ ਹੋਏ ਹਨ । ਸਾਫ ਵਾਤਾਵਰਣ ਸੜਕਾਂ ਭਾਵੇ ਜੀਭ ਨਾਲ ਚੱਟ ਲਈਏ , ਨਾ ਕੋਈ ਸ਼ੋਰ ਪ੍ਰਦੂਸ਼ਣ ਨਾ ਧੂੰਆਂ ਨਾ ਧੂੜ । ਸਖ਼ਤ ਕਾਨੂੰਨ ਕੋਈ ਉਲੰਘਣਾ ਨਹੀਂ ਕਰ ਸਕਦਾ। ਸਾਡੇ ਇੰਡੀਆ ਚੋ ਖੁੱਲ੍ਹੇ ਚੋਂ ਹੀ ਮੂਤ ਕਰੀ ਜਾਂਦੇ ਨੇ । ਗੱਡੀਆਂ ਦਾ ਧੂੰਆਂ ,ਸ਼ੋਰ ਮਿੱਟੀ-ਘੱਟਾ ਵੀਹ ਬਿਮਾਰੀਆਂ ,ਦਿਵਾਈਆਂ ਨਾਲ ਜਿੰਦਗੀ ਚਲਦੀ ਹੈ । ਇਥੇ ਲੋਕਾਂ ਦਾ ਰਹਿਣ-ਸਹਿਣ ਵਧੀਆ ਹੈ ,ਲੋਕ ਤੰਦਰੁਸਤ ਹਨ ।ਕਿਉਂਕਿ ਇੱਥੇ ਸਾਫ ਵਾਤਾਵਰਨ ਤੇ ਸਫਾਈ ਬਹੁਤ ਹੈ, ਕਿਤੇ ਕੂੜਾ ਕਰਕਟ ਨਹੀਂ । ਮੈਡੀਸਨ ਦਾ ਇਨ੍ਹਾਂ ਨੂੰ ਪਤਾ ਹੀ ਨਹੀਂ ਕੋਈ ਡਾਇਬਟੀ ਨਹੀਂ ।

ਇੱਕ ਘੰਟੇ ਬਾਅਦ ਅਸੀ ਲੇਕ ਤੇ ਆ ਗਏ ਇੱਥੇ ਬੜੀ ਰੌਣਕ ਸੀ ,ਭਾਂਤ-ਭਾਂਤ ਦੇ ਲੋਕ ਵੱਖਰੀ -ਵੱਖਰੀ ਬੋਲੀ । ਕਾਲ਼ੀਆਂ-ਗੋਰੀਆਂ ਇਸ ਮੌਸਮ ਵਿੱਚ ਕਛੈਹਰਾ,ਨਿੱਕਰ ਤੇ ਟੀ ਸ਼ਰਟ yaਪਹਿਨਦੀਆਂ ਹਨ । ਲੇਕ ਦਾ ਅਦਭੁਤ ਨਜ਼ਾਰਾ ਵੇਖਣ ਯੋਗ ਹੈ ਕਾਫ਼ੀ ਲੰਬੀ -ਚੌੜੀ ਲੇਕ ਹੈ ।ਸਾਫ -ਸੁਥਰਾ ਪਾਣੀ 40 ਭਾਖੜਾਂ ਡੈਮ ਨਿਕਲ ਸਕਦੇ ਨੇ ਇਸ ਤੋ । ਅਸੀ ਕੁਝ ਸਨੈਬਾਂ ਲਈਆਂ ,ਅਨੰਦ ਮਾਣਿਆ ਤੇ ਚੱਲ ਪਏ । ਕਾਕੇ ਨੇ ਇੱਕ ਰੈਸਟੋਰੈਂਟ ਚੋਂ ਸਾਨੂੰ ਚਾਹ ਪਿਆਈ ਤੇ ਘਰ ਆ ਗਏ ।

ਅਗਲੇ ਦਿਨ ਐਤਵਾਰ ਸੀ ਕਾਕੇ ਨੂੰ ਛੁੱਟੀ ਸੀ ਘਰ ਤੋ ਵਿਹਲੇ ਹੋ ਕੇ ਅਸੀਂ ਨੀਲੀ ਘਾਟੀ ਕਲਿੰਗਬੁੱਡ ਜੋ ਕਿ ਬਰੰਪਟਨ ਤੋਂ ਸੌ ਕਿ.ਮੀ ਦੀ ਦੂਰੀ ਤੇ ਸੀ । ਅਸੀਂ ਉਹ ਥਾਂ ਵੀ ਵੇਖੀ ਜਿੱਥੇ ਗੱਡੀਆਂ ਆਪਣੇ-ਆਪ ਰਿੜ੍ਹੀ ਜਾਂਦੀਆਂ ,ਸ਼ਾਇਦ ਇਹ ਚੁੰਬਕੀ ਖੇਤਰ ਹੋਵੇ । ਨੀਲੀ ਘਾਟੀ ਤੇ ਬੜੀ ਚਹਿਲ-ਪਹਿਲ ਸੀ ,ਲੋਕਾਂ ਦਾ ਜਮਾਵੜਾ ਇੱਥੇ ਵੀ ਬਹੁਤ ਸੀ, ਦੋ ਸੋ ਕਿ.ਮੀ.ਦੇ ਘੇਰੇ ਅੰਦਰ ਆਉਂਦੀ ਇਹ ਲੇਕ ਦਾ ਮਨਮੋਹਕ ਦ੍ਰਿਸ਼ ਮਨ ਨੂੰ ਟੁੰਬਦਾ ਸੀ । ਲੇਕ ਦਾ ਉਰਲਾ-ਪਰਲਾ ਬੰਨ੍ਹਾ ਦਿਸਦਾ ਨਹੀਂ ਸੀ ਕੇਵਲ ਬੱਦਲ ਹੀ ਦਿਖਾਈ ਦਿੰਦੇ ਸਨ । ਕਿਨਾਰਿਆਂ ਤੇ ਵਸਦੇ ਲੋਕ ਹਰ ਦਿਨ ਇਸ ਦਾਅਨੰਦ ਮਾਣਦੇ ਹੋਣਗੇ ।ਮੈਂ ਤੇ ਮੇਰੇ ਘਰਵਾਲੀ ਤੇ ਗਗਨ ਦੇ ਦੋਸਤ ਦੀ ਪਤਨੀ ਲੇਕ ਦੇ ਕਿਨਾਰੇ ਬਣੇ ਲਾਅਨ ਵਿੱਚ ਬੈਠ ਗਏ, ਉਹ ਦੋਏ ਜਣੇ ਗਰਾਉਸਰੀ ਚੋਂ ਖਾਣ-ਪੀਣ ਦਾ ਸਮਾਨ ਲੈਣ ਚਲੇ ਗਏ ।ਸਾਹਮਣੇ ਬੈਂਚ ਤੇ ਬੈਠੀ ਇੱਕ ਮੇਮ ਜਿਸ ਨੇ ਗਿੱਠ ਲੰਬੀ ਸਿਗਰਟ ਲਾਈ ਹੋਈ ਸੀ ,ਮੈਂ ਉਸ ਦੀ ਭਾਸ਼ਾ ਵਿੱਚਹੋਂ ਆਰ ਯੂ ,ਪਲੀਜ ਆਈ ਲਾਈਕ ਟੂ ਨੋ ਅਬੌਂਟ ਦਿਸ ਲੇਕ ਟੈਲ ਮੀ। ਸ਼ਾਇਦ ਉਹ ਸਮਝ ਗਈ ਹੋਵੇ , ਇਨੇ ਨੂੰ ਉਹ ਦੋਵੇਂ ਕੁੱਝ ਲੈ ਕੇ ਆ ਗਏ ।

ਆਉਂਦੇ ਹੋਏ ਅਸੀ ਉਥੋਂ ਦੇ ਜੰਗਲ ਝਾੜੀਆਂ ਦਰੱਖਤ ਜੋ ਲੰਬੇ ਸਨ ਸ਼ਾਇਦ ਸਰੂ ਹੋਣ । ਸੌ-ਸੌ ਏਕੜ ਦੇ ਖੇਤ ਉੱਚੇ-ਨੀਵੇਂ ਵਿੱਚ ਕਣਕ ਹਾਰਾਂ ਦੇ ਹਾਰ ਮੱਕੀ ਮੂੰਗੀ ਨਾਲ ਭਰੇ ਹੋਏ ਖੇਤ ,ਛੋਟੇ ਪਹਾੜ ਅਦਭੁਤ ਨਜ਼ਾਰੇ ਹਨ ਇੱਥੇ। ਖੇਤਾਂ ਦੇ ਨਾਲ ਘਰ ਬਣੇ ਹੋਏ ਸਵਰਗ ਵਾਂਗ ਲਗਦੇ ਹਨ । ਘਰਾਂ ਵਿੱਚ ਵੱਜਰੀ ਸੀਮਿੰਟ ਦੀ ਵਰਤੋਂ ਨਹੀਂ ਹੁੰਦੀ । ਘਰ ਅੰਦਰੋਂ ਲੱਕੜੀ ਦੇ ਬਣੇ ਹੋਏ ਤੇ ਬਾਹਰੋਂ ਇੱਟਾਂ ਨਾਲ ਕਵਰ ਕੀਤੇ ਹੋਏ ਹਨ। ਆਲਾਂ-ਦੁਆਲਾ ਖੁੱਲ੍ਹਾ ਸ਼ੁੱਧ ਹਵਾ ਰੁਮਕਦੀ ਰਹਿੰਦੀ ਹੈ । ਉਂਟਾਰੀਓ ਵੱਡਾ ਸਟੇਟ ਹੈ ਜਿਸ ਵਿੱਚ ਟਰਾਂਟੋ , ਮਿਸੀਸਾਗਾ , ਬਰੰਪਟਨ ਤੇ ਕਲਿੰਗਵੁਡ ਵਰਗੇ ਵੱਡੇ ਸ਼ਹਿਰ ਆਂਦੇ ਹਨ ।

ਸੋਮਵਾਰ ਅਸੀ ਕਾਕੇ ਦੀ ਜੌਬ ਵਾਲੀ ਜਗ੍ਹਾ ਤੇ ਗਏ ਬਹੁਤ ਵੱਡਾ ਗੱਡੀਆਂ ਦੇ ਸਮਾਨ ਦਾ ਸਟੋਰ ਸੀ । ਕਾਕਾ ਜੀ ਕਾਉਂਟਰ ਤੇ ਬੈਠਦੇ ਹਨ,ਤੇ ਕਸਟਮਰਾਂ ਨਾਲ ਡੀਲ ਕਰਦੇ ਹਰ ਬੋਲੀ ਦੇ ਲੋਕ ਇੱਥੇ ਆਉਂਦੇ ਹਨ। ਆਪਣੀ ਭਾਸ਼ਾ ਦੇ ਨਾਲ ਕਾਕਾ ਜੀ ਹੋਰ ਵੀ ਦੋ-ਤਿੰਨ ਬੋਲੀਆਂ ਦੀ ਮੁਹਾਰਤ ਰੱਖਦੇ ਹਨ । ਦੇਖਿਆ ਗਿਆ ਹੈ ਕਿ ਵਾਧੂ ਬੋਲੀਆਂ ਬੋਜ ਨਹੀਂ ਸਗੋਂ ਪਰਸਨਲਟੀ ਨੂੰ ਹੋਰ ਵੀ ਸਵਾਰਦੀਆਂ ਹਨ। ਅੰਗਰੇਜ਼ੀ ਬੋਲਦੇ ਲੋਕ ਇੱਥੇ ਸੱਭ ਕੰਮ ਕਰਦੇ ਹਨ, ਪੰਜਾਬੀ ਇੱਥੇ ਰਾਜ ਕਰਦੇ ਹਨ ਗੋਰਿਆਂ ਦੇ ਸਟੋਰ ,ਉਨ੍ਹਾਂ ਨਾਲ ਸਾਂਝ ਮੇਲ-ਮਿਲਾਪ ਹਾਸਾ-ਮਖੋਲ ਸਭ ਚੱਲਦਾ ਇੱਥੇ ।ਅੰਗਰੇਜ਼ੀ ਵਿੱਚ ਮੁਹਾਰਤ ਹੋਣ ਨਾਲ ਸਾਡੇ ਲੋਕ ਸਰਕਾਰੀ, ਅਰਧ-ਸਰਕਾਰੀ ਏਅਰਪੋਰਟ ਆਦਿ ਚੋਂ ਕੰਮ ਕਰਦੇ ਹਨ। ਕੰਮ ਵਿਚੱ ਕੁਵਾਲਟੀ ਅਤੇ ਤਰੱਕੀ ਲਿਆਉਣ ਲਈ ਦੂਜੀ ਭਾਸ਼ਾ ਦਾ ਆਉਣਾ ਬਹੁਤ ਜ਼ਰੂਰੀ ਹੈ । ਇਸੇ ਲਈ ਕਈ ਅੰਗਰੇਜੀ ਬੋਲਣ ਵਾਲੇ ਪੰਜਾਬੀ ਭਾਸ਼ਾ ਸਿੱਖਦੇ ਹਨ। ਮੇਰੀ ਮਾਂ ਬੋਲੀ ਹੁਣ ਪਿੱਛੇ ਨਹੀਂ ਰਹੀ।

ਮਾਖਿਉ ਮਿੱਠੀ ਮੇਰੀ ਮਾਂ ਬੋਲੀ,
ਮੇਰੀ ਜੰਨਤ ਮੇਰੀ ਹਮਜੋਲੀ ,
ਬਣ ਗਈ ਰਾਣੀ ਰਹੀ ਨਾ ਗੋਲੀ,
ਗੈਰਾਂ ਨੇ ਜੋ ਪੈਰਾਂ ਵਿੱਚ ਸੀ ਰੋਲੀ ॥




## ਕੁਦਰਤ ਨਾਲ ਖਿਲਵਾੜ

ਗਰਮੀ ਪੈਂਦੀ,ਕੁਦਰਤ ਕਰੋਪ ਹੋਈ,
ਉੱਤੋਂ ਬਿਜਲੀ ਦੇ ਲੱਗਣ ਕੱਟ ਪੱਤੋ।

ਨਾ ਬੱਦਲ ਬੌਲਾ,ਮੀਂਹ ਦੀ ਝਾਕ ਮੁੱਕੀ,
ਖੁਰਕ ਲੜੇ, ਕੱਢਦੀ ਵੱਟ ਪੱਤੋ।

ਕਿੰਨੇ ਵਾਰੀ ਬੰਦਾ ਨਹਾਈ ਜਾਵੇ,
ਪਾਣੀ ਟੈਂਕੀਆ 'ਚੋਂ ਰਿਹਾ ਘੱਟ ਪੱਤੋ।

ਸਾਇੰਸ ਕਹੇ , ਬੰਦਾ ਖਿਲਵਾੜ ਕਰਕੇ,
ਰਿਹਾ ਆਪ ਦੁੱਖਾਂ ਨੂੰ ਖੱਟ ਪੱਤੋ।

ਰੇਹਿਆਂ, ਸਪਰੇਆਂ, ਜਾਵੇ ਦਵਾ ਛਿੜਕੀ,
ਵੇਖੋ ਰਿਹਾ ਜ਼ਹਿਰ ਨੂੰ ਚੱਟ ਪੱਤੋ।

ਕਿੱਥੋਂ ਭਾਲਦੈ ਠੰਡੀਆਂ ਠਾਰ 'ਵਾਵਾਂ,
ਦਿੱਤੇ ਰੁੱਖ ਜੜ੍ਹਾਂ 'ਚੋਂ ਪੱਟ ਪੱਤੋ।

ਜੈਸੀ ਕਰਨੀ, ਵੈਸੀ ਫੇਰ ਪਵੇ ਭਰਨੀ,
ਪੈਂਦੀ ਭੁਗਤਣੀ ਹੈ ਝੱਟ ਝੱਟ ਪੱਤੋ।

ਬੇ ਸਮਝ ,ਸਮਝਾਇਆ ਲੱਖ ਵਾਰੀ,
ਬਣਿਆਂ ਕਿਉਂ ਮਿੱਟੀ ਦਾ ਮੱਟ ਪੱਤੋ।







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।
"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"
E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212



## ਸੁਪਨੇ

ਸਾਡੇ ਡੂੰਘੇ ਜ਼ਖ਼ਮਾਂ ਅੱਲੇ ਰਹਿਣ ਦੇ ਤੂੰ ,,
ਮੱਲ੍ਹਮ ਦਾ ਬਹਾਨਾ ਲਾ ਮੁੜ ਨਾ ਜਾਵੀਂ ।।

ਡੂੰਘੇ ਟੱਕ ਲੱਗੇ ਇਨ੍ਹਾਂ ਨੂੰ ਸੁੱਕਣੇ ਦੇ ਤੂੰ ,,
ਸੁਪਨੇ ਵਿੱਚ ਆਕੇ ਤੂੰ ਦੁਖਾ ਨਾ ਜਾਵੀਂ ।।

ਦਿਲ ਪਹਿਲਾਂ ਹੀ ਜ਼ਖ਼ਮੀ ਹੋਇਆ ਐ ,,
ਨਵਾਂ ਰੋਗ ਲਾਕੇ ਸਾਨੂੰ ਤੁਰ ਨਾ ਜਾਵੀਂ ।।

ਦਿਖਾਕੇ ਸੁਪਨੇ ਸੂਰਜ ਦੀ ਲਾਲੀ ਦੇ ਤੂੰ,,
ਹਨ੍ਹੇਰਿਆਂ ਵਿੱਚ ਬਿਠਾ ਤੁਰ ਨਾ ਜਾਵੀਂ।।

ਦੀਵੇ ਤੇਰੀ ਮੁਹੱਬਤ ਦੇ ਜਗ੍ਹਾ ਕੇ ਰੱਖੇ ,,
ਉਹ ਦੀਵੇ ਬੁਝਾ ਕੇ ਤੂੰ ਤੁਰ ਨਾ ਜਾਵੀਂ ।।

ਧਰਤੀ ਤੇ ਮੈਂ ਆਪ ਰੁੱਖ ਬਣਕੇ ਬੈਠੀ ,,
ਕਿਤੇ ਪੱਤਝੜ ਬਣਾਕੇ ਤੁਰ ਨਾ ਜਾਵੀਂ।।

ਮੇਰੇ ਅਰਮਾਨਾਂ ਨੂੰ ਸੁੱਤੇ ਰਹਿਣ ਦੇ ਤੂੰ ,,
ਇਨ੍ਹਾਂ ਨੂੰ ਜਗ੍ਹਾ ਆਪ ਤੁਰ ਨਾ ਜਾਵੀਂ ।।

ਮੈਂ ਆਪ ਆਸਾਂ ਦੇ ਮਹਿਲ ਬਣਾ ਬੈਠੀਂ,,
ਕਿਤੇ ਕੰਕਰ-ਕੰਕਰ ਕਰ ਤੋੜ ਨਾ ਜਾਵੀਂ ।।

ਆਪਣੀ ਅਜ਼ਾਦ ਦਾ ਮਹਿਲ ਬਣਾ ਤੂੰ ,,
ਫਿਰ ਕਿਤੇ ਭੁੱਲਕੇ ਤੂੰ ਤੁਰ ਨਾ ਜਾਵੀਂ ।।

ਮੇਰਾ ਹੱਥ ਸਾਰੀ ਉਮਰ ਤੂੰ ਫੜਕੇ ਰੱਖੀਂ ,,
ਕੱਚੇ ਘੜੇ ਵਾਂਗ ਤੂੰ ਧੋਖਾ ਦੇ ਨਾ ਜਾਵੀਂ।।

ਅਸੀਂ ਤੇਰੇ ਘਰ ਬੌਂਦਲੀ ਪਨ੍ਹਾਹ ਲੈਣੀ ,,
ਹਾਕਮ ਮੀਤ ਜਿੰਦੇ ਲਾਕੇ ਤੁਰ ਨਾ ਜਾਵੀਂ ।।




## ਸ਼ੀਸ਼ਾ 02 ਇਸ਼ਕ ਵਿੱਚ ਝੂਠ ਬੋਲਣਾ ਕਿਉਂ ਜ਼ਰੂਰੀ ਹੈ

ਇਸ਼ਕ ਇੱਕ ਅਜਿਹਾ ਰਿਸ਼ਤਾ ਹੈ ਜਿਸ ਵਿੱਚ ਦਿਲ ਦੀਆਂ ਗੱਲਾਂ, ਭਾਵਨਾਵਾਂ ਅਤੇ ਸੁਪਨੇ ਸਭ ਕੁਝ ਸ਼ਾਮਲ ਹੁੰਦੇ ਹਨ। ਪਰ ਕਈ ਵਾਰ ਇਸ ਰਿਸ਼ਤੇ ਨੂੰ ਬਚਾਉਣ ਲਈ ਜਾਂ ਇਸਨੂੰ ਹੋਰ ਮਜ਼ਬੂਤ ਬਣਾਉਣ ਲਈ ਝੂਠ ਬੋਲਣਾ ਵੀ ਜ਼ਰੂਰੀ ਹੋ ਜਾਂਦਾ ਹੈ।

ਇਸ਼ਕ ਵਿੱਚ ਸੱਚ ਕਈ ਵਾਰ ਬਹੁਤ ਕਰੜਾ ਹੋ ਸਕਦਾ ਹੈ। ਜਿਵੇਂ ਕਿਸੇ ਦੀਆਂ ਕਮਜ਼ੋਰੀਆਂ ਜਾਂ ਖਾਮੀਆਂ ਸਿੱਧੇ-ਸਿੱਧੇ ਦੱਸਣ ਨਾਲ ਦਿਲ ਦੁਖ ਸਕਦਾ ਹੈ। ਇੱਥੇ ਇੱਕ ਛੋਟਾ ਝੂਠ ਰਿਸ਼ਤੇ ਦੀ ਨਰਮੀ ਬਚਾ ਲੈਂਦਾ ਹੈ।

ਕਈ ਵਾਰ ਪ੍ਰੇਮੀ ਆਪਣੇ ਸਾਥੀ ਨੂੰ ਖੁਸ਼ ਕਰਨ ਲਈ ਝੂਠ ਬੋਲਦਾ ਹੈ। ਜਿਵੇਂ "ਤੂੰ ਸਭ ਤੋਂ ਸੋਹਣੀ ਹੈ" ਜਾਂ "ਤੇਰੇ ਬਿਨਾਂ ਮੇਰੀ ਦੁਨੀਆ ਸੁੰਨੀ ਹੈ" — ਇਹ ਗੱਲਾਂ ਹਮੇਸ਼ਾ ਸੱਚ ਨਹੀਂ ਹੁੰਦੀਆਂ, ਪਰ ਇਹ ਖੁਸ਼ੀ ਦੇਣ ਵਾਲੇ ਝੂਠ ਹਨ।

ਰਿਸ਼ਤੇ ਵਿੱਚ ਛੋਟੀਆਂ ਗੱਲਾਂ 'ਤੇ ਝਗੜੇ ਹੋ ਸਕਦੇ ਹਨ। ਕਈ ਵਾਰ ਸੱਚ ਬੋਲਣ ਨਾਲ ਬੇਵਜ੍ਹਾ ਟਕਰਾਅ ਪੈਦਾ ਹੋ ਜਾਂਦਾ ਹੈ। ਇੱਥੇ ਝੂਠ ਬੋਲਣਾ ਸ਼ਾਂਤੀ ਬਣਾਈ ਰੱਖਣ ਦਾ ਸਾਧਨ ਬਣ ਜਾਂਦਾ ਹੈ।

ਇਸ਼ਕ ਵਿੱਚ ਲੋਕ ਅਕਸਰ ਸੁਪਨੇ ਵੇਖਦੇ ਹਨ — ਭਵਿੱਖ ਦੇ, ਖੁਸ਼ਹਾਲੀ ਦੇ। ਕਈ ਵਾਰ ਇਹ ਸੁਪਨੇ ਹਕੀਕਤ ਨਹੀਂ ਹੁੰਦੇ, ਪਰ ਝੂਠੇ ਵਾਅਦੇ ਵੀ ਰਿਸ਼ਤੇ ਨੂੰ ਜੀਵੰਤ ਰੱਖਦੇ ਹਨ।

ਜੇ ਹਰ ਗੱਲ ਸੱਚ-ਸੱਚ ਕਹੀ ਜਾਵੇ, ਤਾਂ ਕਈ ਵਾਰ ਰਿਸ਼ਤਾ ਟੁੱਟ ਸਕਦਾ ਹੈ। ਝੂਠ ਇਸ਼ਕ ਨੂੰ ਲੰਮਾ ਚਲਾਉਣ ਲਈ ਇੱਕ "ਸੁਰੱਖਿਆ ਕਵਚ" ਵਾਂਗ ਕੰਮ ਕਰਦਾ ਹੈ।

ਇਸ਼ਕ ਵਿੱਚ ਝੂਠ ਬੋਲਣਾ ਹਮੇਸ਼ਾ ਧੋਖਾ ਨਹੀਂ ਹੁੰਦਾ। ਕਈ ਵਾਰ ਇਹ ਪਿਆਰ ਦੀ ਰੱਖਿਆ, ਖੁਸ਼ੀ ਦੀ ਸਾਂਝ ਅਤੇ ਰਿਸ਼ਤੇ ਦੀ ਮਜ਼ਬੂਤੀ ਲਈ ਜ਼ਰੂਰੀ ਹੁੰਦਾ ਹੈ। ਇਹ ਝੂਠ ਉਹੀ ਹਨ ਜੋ ਦਿਲ ਨੂੰ ਸਹਾਰਾ ਦਿੰਦੇ ਹਨ, ਨਾ ਕਿ ਤੋੜਦੇ।




## ਬੰਦ ਡੱਬਾ

ਮਾਂ ਰੋਂਦੀ ਸੀ ਕੁਰਲਾਉਦੀ
ਪੁੱਤ ਨੂੰ ਹਾਕਾਂ ਮਾਰ ਬੁਲਾਉਦੀ
ਕੋਈ ਪੁੱਤ ਲਿਆ ਕੇ ਦਿਓ ਮੈਨੂੰ
ਪਈ ਸਭ ਦੇ ਵਾਸਤੇ ਪਾਉਦੀ
ਮੋਇਆ ਪੁੱਤ ਵੇਖ ਮਾਂ ਨੇ
ਆਪਾ ਲਿਆ ਗੁਆ ਵੇ ਲੋਕੋ
ਪੁੱਤ ਲਿਆ ਪ੍ਰਦੇਸਾਂ ਖਾ
ਭਰੀ ਜੁਆਨੀ ਪੁੱਤ ਮਰ ਗਿਆ
ਮਾਂ ਦੀ ਗੋਦ ਸੁੰਨੀ ਕਰ ਗਿਆ
ਚਾਵਾਂ ਦੇ ਨਾਲ ਤੋਰਿਆ ਜਿਸਨੂੰ
ਗਿਆ ਬੰਦ ਡੱਬੇ ਵਿਚ ਆ ਵੇ ਲੋਕੋ
ਪੁੱਤ ਲਿਆ ਪ੍ਰਦੇਸਾਂ ਖਾ
ਜਿੰਨ੍ਹੇ ਚਾਵਾਂ ਨਾਲ ਸੀ ਘੋੜੀ ਚੜ੍ਹਨਾ
ਭੈਣਾਂ ਨੇ ਸੀ ਸਿਹਰਾ ਫੜ੍ਹਨਾ
ਲਾਡਾਂ ਨਾਲ ਸੀ ਪਾਲਿਆ ਜਿਸਨੂੰ
ਬਣ ਗਿਆ ਏ ਸੁਆਹ
ਲਾੜੀ ਮੌਤ ਵਿਆਹੁਣ ਆਈ
ਦਿੱਤਾ ਸਿਹਰਾ ਲਾ ਵੇ ਲੋਕੋ
ਪੁੱਤ ਲਿਆ ਪ੍ਰਦੇਸਾਂ ਖਾ ਵੇ ਲੋਕੋ
ਪੁੱਤ ਲਿਆ.....




## ਵਿਹੜਾ ਬਾਬਲ ਦਾ

ਸ਼ਾਮ ਢਲੀ ਤੋਂ ਜਦ ਚੇਤੇ ਆਵੇ,
ਵਿਹੜਾ ਬਾਬਲ ਦਾ।
ਦਿਲ ਮੇਰੇ ਨੂੰ ਧੂਹ ਜਿਹੀ ਪਾਵੇ,
ਵਿਹੜਾ ਬਾਬਲ ਦਾ।
ਗੁੱਲੀ ਡੰਡਾ,ਗੇਂਦਾਂ ਗੀਟੇ,
ਅੱਡੀ ਛੜੱਪਾ,ਬਾਂਦਰ ਕਿੱਲਾ,
ਖੇਡ ਲ਼ੈ ਆਕੇ,ਅੱਜ ਵਾਜਾਂ ਮਾਰੇ,
ਵਿਹੜਾ ਬਾਬਲ ਦਾ।
ਢੱਠੀ ਖੁਰਲੀ, ਟੁੱਟਿਆ ਰੇਹੜਾ,
ਸੁੱਕ ਗਈਆਂ ਧਰੇਕਾਂ,
ਜੀਆਂ ਬਾਝੋਂ ਖੰਡਰ ਹੋਇਆ,
ਹਾਏ!ਵਿਹੜਾ ਬਾਬਲ ਦਾ।
ਇਸ ਧਰਤੀ ਤੇ ਰੌਣਕ ਵਾਲੀ,
ਭੌਣ ਬਰਸਦੀ ਸੀ,
ਹੌਲ ਨੇ ਉਠਦੇ ਵੇਖਕੇ ਅੜੀਏ,
ਵਿਹੜਾ ਬਾਬਲ ਦਾ।
ਇਸ ਵਿਹੜੇ ਵਿੱਚ ਪੰਜ ਤਾਏ,ਚਾਚੇ,
ਚਾਚੀਆਂ,ਤਾਈਆਂ,
ਅੱਠ ਭੂਆ ਸੀ ਮੇਰੀਆਂ।
ਕੱਲੇ ਕੱਲੇ ਜੀ ਨੂੰ ਤਰਸੇ,
ਵਿਹੜਾ ਬਾਬਲ ਦਾ।

ਇਸ ਵਿਹੜੇ ਦੀ ਸ਼ਾਨ ਨੇ ਧੀਆਂ,
ਕੋਮਲ,ਮਹਿਕ, ਵਧਾ ਰਹੀਆਂ,
ਭਾਬੋ ਰਾਣੀਏ ਅਸੀਸਾਂ ਤੈਨੂੰ,
ਅੱਜ ਦੇਵੇ ਵਿਹੜਾ ਬਾਬਲ ਦਾ।
ਚੇਤੇ ਕਰਕੇ ਬਚਪਨ,
ਗੱਚ ਜਿਹਾ ਭਰ ਆਉਂਦੈ,
ਨਿਰਮਲ ਦੇ ਮਨ ਨੂੰ ਭਾਵੇ,
ਇਹ ਵਿਹੜਾ ਬਾਬਲ ਦਾ, ਵਿਹੜਾ ਬਾਬਲ ਦਾ,
ਵਿਹੜਾ ਬਾਬਲ ਦਾ,ਵਿਹੜਾ ਬਾਬਲ ਦਾ।



538 - 632, ਸਥਾਪਨਾ ਦਸੂਹਾ ,20/07/2026 ਤੋਂ 26/07/2026 ( ਨਾਨਕਸ਼ਾਹੀ ਸੰਮਤ 11 ਸਾਵਣ 558) adbivirsat@gmail.com

## ਮਿਲ ਜਾਵੇ ਯਾਰ ਤਾਂ

ਜ਼ਮਾਨੇ ਦੀ ਹਰ ਇੱਕ ਰੀਤ ਤੋਂ,
ਉਹ ਇਸ਼ਕ਼ ਲਾਸਾਨੀ ਹੋਵੇ,
ਹਰ ਸਾਹ ਦੇ ਵਿੱਚ ਵਸਿਆ ਹੋਇਆ,
ਉਹ ਦਿਲ ਦਾ ਜਾਨੀ ਹੋਵੇ।

ਵਕ਼ਤ ਬਦਲ ਜਾਵੇਗਾ ਚਾਹੇ,
ਚਿਹਰੇ ਦੀਆਂ ਰੌਣਕਾਂ ਵੀ,
ਸਾਹਾਂ ਦੇ ਵਿੱਚ ਰਚੀ ਹੋਈ,
ਬਸ ਇੱਕੋ ਹੀ ਰਵਾਨੀ ਹੋਵੇ।

ਸੰਗ ਤੁਰਦੇ-ਤੁਰਦੇ ਉਮਰ ਦੀ,
ਸ਼ਾਮ ਵੀ ਜਦ ਆ ਜਾਵੇ,
ਉਸ ਸ਼ਾਮ ਦੇ ਸੁਰਮਈ ਰੰਗ ਵਿੱਚ ਵੀ,
ਉਹੀ ਰੂਹ ਦੀ ਰਵਾਨੀ ਹੋਵੇ।

ਜਦੋਂ ਕੰਬਣ ਹੱਥ ਬੁਢਾਪੇ ਵਿੱਚ,
ਉਹ ਹੱਥਾਂ ਨੂੰ ਇੰਝ ਫੜ ਲਵੇ,
ਜਿਵੇਂ ਅੱਜ ਵੀ ਉਹੀ ਪਹਿਲੀ,
ਮੁਹੱਬਤ ਦੀ ਨਾਦਾਨੀ ਹੋਵੇ।

ਮੌਤ ਵੀ ਆਵੇ ਜੇਕਰ ਸਾਨੂੰ,
ਇੱਕੋ ਸੱਥਰ ਵਿਛ ਜਾਵੇ,
ਜੁਦਾ ਨਾ ਹੋਈਏ ਆਖਰ ਤੱਕ,
ਐਸੀ ਮਿਹਰਬਾਨੀ ਹੋਵੇ।

ਇਸ ਦੁਨੀਆ ਦੇ ਮੇਲਿਆਂ ਵਿੱਚ,
ਹੁਣ ਜੀਅ ਨਹੀਂ ਲੱਗਦਾ,
ਮਿਲ ਜਾਵੇ ਯਾਰ 'ਦਿਲਗੀਰ' ਨੂੰ,
ਤਾਂ ਖ਼ਤਮ ਪਰੇਸ਼ਾਨੀ ਹੋਵੇ।




## ਬਦਲ ਗਿਆ ਅੰਦਾਜ

ਗੁਰੂ ਨੇ ਮੂਰਤ ਗੁਰਸ਼ਬਦ ਸਮਝਾਈ,
ਬੁੱਤ- ਤਸਵੀਰ ਨਾ ਪੂਜਿਓ ਭਾਈ।
ਅਸਾਂ ਦੁਕਾਨ ਪਾਖੰਡ ਦੀ ਪਾਕੇ,
ਅਸਲੀ ਕਹਿ ਤਸਵੀਰ ਟਿਕਾਈ।
ਗ੍ਰੰਥ ਜੀ ਗੁਰੂ ਗੱਲੀਂ ਅਸੀਂ ਮੰਨਦੇ,
ਵੱਡਾ ਰੱਬ ਮੰਨੀਏ ਡੇਰੇਦਾਰ।
ਸਮਾਂ ਬਦਲਿਆ, ਸੋਚ ਬਦਲ ਗਈ,
ਬਦਲ ਗਿਆ ਅੰਦਾਜ।

ਬਾਬਾ ਜੀ ਨੇ ਜਾਤਾਂ ਵਾਲੇ,
ਗਲੋਂ ਸੀ ਫਾਹੇ ਕੱਟੇ,
ਹੁਣ ਬਣ ਸੈਣੀ ਮਹਿਰੇ ਰੰਘਰੇਟੇ,
ਲੜਦੇ ਜੱਟ ਅਤੇ ਭਾਪੇ।
ਲੰਗਰ ਦੇ ਭਾਂਡੇ ਹੋਏ ਵੱਖਰੇ,
ਹੋਵੇ ਵੱਖਰਾ ਅੰਮ੍ਰਿਤ ਤਿਆਰ।
ਸਮਾਂ ਬਦਲਿਆ, ਸੋਚ ਬਦਲ ਗਈ,
ਬਦਲ ਗਿਆ ਅੰਦਾਜ।

ਲਹਿੰਦਿਓਂ ਪਹਿਲਾਂ ਆਏ ਲੁਟੇਰੇ,
ਜ਼ੋਰੀਂ ਸਨ ਲੈ ਜਾਂਦੇ।
ਪੂਰਬੀਆਂ ਦੀਆਂ ਧਾੜਾਂ ਨੂੰ,
ਹੁਣ ਹੱਥੀਂ ਦੇ ਮੁਸਕਰਾਉਂਦੇ।
ਪੈਲੀ ਅੰਦਰੋਂ ਕੀ ਹੱਥ ਆਉਣਾ,
ਖਾਵੇ ਖੇਤ ਨੂੰ ਵਾੜ।
ਅਪਣੇ ਪੁੱਤਰ ਦੁਸ਼ਮਣ ਹੋ ਗਏ,
ਕਿਵੇਂ ਬਚੂ ਪੰਜਾਬ?
ਸਮਾਂ ਬਦਲਿਆ, ਸੋਚ ਬਦਲ ਗਈ,
ਬਦਲ ਗਿਆ ਅੰਦਾਜ।

ਰਵਾਇਤ ਸਾਡੀ ਜੰਗ ਦੇ ਅੰਦਰ,
ਅਸੀਂ ਦੁਸ਼ਮਣਾਂ ਸੇਵਾ ਕਰੀਏ।
ਮੌਤ ਦੇ ਮੂੰਹ ਤੱਕ ਪਹੁੰਚੇ ਤਾਈਂ,
ਪਾਣੀ ਪਿਆ ਕੇ,
ਜ਼ਖਮ ਤੇ ਮਲ੍ਹਮ ਧਰੀਏ।
ਦਿੱਲੀ ਤੋਂ ਭੱਕੂ ਮਾਜਰਾ ਆਏ,
ਜਾਬਰ ਮੰਗਦੇ, ਜ਼ੋਰੀਂ ਦਾਨ।
ਸੱਤਾ ਹਠ ਦੇ ਦੇਖ ਕ੍ਰਿਸ਼ਮੇ,
ਖ਼ਲਕਤ ਭਈ ਹੈਰਾਨ।
ਸਮਾਂ ਬਦਲਿਆ, ਸੋਚ ਬਦਲ ਗਈ,
ਬਦਲ ਗਿਆ ਅੰਦਾਜ।




## ਮੈਨੂੰ ਆਪਣੀ ਆਦਤ ਨਾ ਪਾ...

ਮੈਨੂੰ ਆਪਣੀ ਆਦਤ ਨਾ ਪਾ,
ਦੋਵੇਂ ਖ਼ਫ਼ਾ ਹੋਵਾਂਗੇ ਖ਼ਾਮਖ਼ਾ।
ਅੱਜ ਹਾਸਿਆਂ ਦੀ ਰੁੱਤ ਸਹੀ,
ਕੱਲ੍ਹ ਵਕ਼ਤ ਦਾ ਮੌਸਮ ਬਦਲ ਵੀ ਸਕਦਾ।
ਫਿਰ ਯਾਦਾਂ ਦੀ ਬਾਰਿਸ਼ ਵਿੱਚ ਭਿੱਜ ਕੇ,
ਦਿਲ ਬਿਨਾਂ ਬੋਲੇ ਹੀ ਰੋ ਵੀ ਸਕਦਾ।
ਇਸ ਲਈ ਇੰਨਾ ਵੀ ਨੇੜੇ ਨਾ ਆ,
ਐਵੇਂ ਤੜਫਦੇ ਰਹਾਂਗੇ ਬੇਵਜ੍ਹਾ।

ਜੇ ਕਦੇ ਰਾਹਾਂ ਵੱਖ ਹੋ ਜਾਣ,
ਕੋਈ ਸ਼ਿਕਵਾ ਨਾ ਰਹੇ ਕਿਸੇ ਨਾਲ।
ਤੂੰ ਮੁਸਕੁਰਾਂਦੀ ਰਹੀਂ ਆਪਣੀ ਦੁਨੀਆ ਵਿੱਚ,
ਮੈਂ ਵੀ ਨੱਚ ਨੱਚ ਕੇ ਯਾਰ ਮਨਾਵਾਂਗਾ ਕਿਸੇ ਰਾਹ।




## ਪੀਜ਼ਾ ਬਰਗਰ

ਕੱਚੀਆਂ ਸਬਜ਼ੀਆਂ ਖਾਣੀਆਂ।
ਗੱਲਾਂ ਹੋਈਆਂ ਪੁਰਾਣੀਆਂ।
ਸਬਜ਼ੀਆਂ ਨੂੰ ਮੂੰਹ ਨਾ ਲਾਵੇ।
ਅੱਜ ਦਾ ਬੱਚਾ ਪੀਜ਼ਾ ਬਰਗਰ ਖਾਵੇ।

ਪੱਛਮੀ ਖਾਣੇ ਉੱਤੇ ਡੁੱਲ ਗਏ।
ਆਪਣੇ ਘਰ ਦਾ ਖਾਣਾ ਭੁੱਲ ਗਏ।
ਸਾਦਾ ਖਾਣਾ ਮਨ ਨੂੰ ਭਾਵੇ।
ਅੱਜ ਦਾ ਬੱਚਾ ਪੀਜ਼ਾ ਬਰਗਰ ਖਾਵੇ।

ਚੇਤੇ ਰੱਖੋ ਭੁੱਲ ਨਾ ਜਾਣਾ।
ਹਾਨੀਕਾਰਕ ਤਲਿਆ ਖਾਣਾ।
ਪਾਠਕ ਬੱਚਿਆਂ ਨੂੰ ਸਮਝਾਵੇ।
ਅੱਜ ਦਾ ਬੱਚਾ ਪੀਜ਼ਾ ਬਰਗਰ ਖਾਵੇ।

ਚੰਗਾ ਖਾਣਾ ਕੇ ਮਿਲੇ ਤੰਦਰੁਸਤੀ।
ਕਦੇ ਨਾ ਨੇੜੇ ਆਵੇ ਸੁਸਤੀ।
ਚੰਗੀਆਂ ਗੱਲਾਂ ਕਿਉਂ ਭੁਲਾਵੇ।
ਅੱਜ ਦਾ ਬੱਚਾ ਪੀਜ਼ਾ ਬਰਗਰ ਖਾਵੇ।







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



## ਵੱਡੀ ਨੂੰਹ



ਚੰਦ ਕੌਰ ਦੀ ਛੋਟੀ ਨੂੰਹ ਪੰਮੀ ਨੇ ਉਸ ਦੀ ਮਰਨ ਤੱਕ ਪੂਰੀ ਸੇਵਾ ਕੀਤੀ। ਉਸ ਦੀ ਨੂੰਹ ਪਾਲੋ ਨੇ ਉਸ ਬੀਮਾਰ ਦੀ ਕਦੇ ਖ਼ਬਰ ਵੀ ਨਾ ਲਈ। ਜਦੋਂ ਚੰਦ ਕੌਰ ਮਰ ਗਈ। ਪੰਮੀ ਨੇ ਰੋਣਾ ਚੰਗਾ ਨਾ ਸਮਝਿਆ। ਉਸ ਦਾ ਵਿਚਾਰ ਸੀ ਕਿ ਜਿਉਂਦੇ ਜੀਅ ਦੀ ਸੇਵਾ ਕਰਨੀ ਚਾਹੀਦੀ ਹੈ। ਮਰੇ ਪਿੱਛੋਂ ਰੋਣ ਨਾਲ ਕੋਈ ਵੱਡਾ ਨਹੀਂ ਹੁੰਦਾ।ਓਧਰ ਪਾਲੋ ਸੱਥਰ ਤੇ ਬੈਠੀ ਰੋਂਦੀ ਚੁੱਪ ਨਹੀਂ ਸੀ ਹੁੰਦੀ। ਪਿੰਡ ਦੀਆਂ ਤ੍ਰੀਮਤਾਂ ਆਖਦੀਆਂ ਸਨ।

'ਕੁੜੇ ਚੰਦ ਕੌਰ ਦੀ ਛੋਟੀ ਨੂੰਹ ਕਿਹੋ ਜਿਹੀ ਏ, ਅੱਖ ਵਿੱਚੋਂ ਹਿੰਝ ਵੀ ਨਹੀਂ ਸੁੱਟੀ"।

ਸੁਰਜੀਤ ਕੌਰ ਨੇ ਨਾਲ ਦੀਆਂ ਨੂੰ ਕਿਹਾ।

'ਉਸ ਦੀ ਵੱਡੀ ਨੂੰਹ ਤਾਂ ਭੈਣੇ, ਚੰਦ ਕੌਰ ਦਾ ਐਨਾ ਕਰਦੀ ਸੀ। ਰੋਂਦੀ ਨਹੀਂ ਝੱਲੀ ਜਾਂਦੀ ਵਿਚਾਰੀ", ਗੁਰਮੀਤ ਕੌਰ ਨੇ ਕਿਹਾ।

'ਉਸ ਦੀ ਵੱਡੀ ਨੂੰਹ ਵਰਗੀਆਂ ਤਾਂ ਭੈਣੇ ਘਰ-ਘਰ ਆਉਣ ਨੂੰਹਾਂ", ਮੁਖਤਿਆਰ ਕੌਰ ਨੇ ਵੀ ਪਾਲੋ ਦੀ ਸੁਲਾਇਤਾ ਕੀਤੀ।




## ਧੀ ਇੱਕ ਰੱਬ ਦਾ ਰੂਪ



ਜਦੋਂ ਇੱਕ ਧੀ ਜਨਮ ਲੈਂਦੀ ਹੈ ਤਾਂ ਘਰ ਵਿੱਚ ਲਕਸ਼ਮੀ ਦਾ ਵਾਸਾ ਹੁੰਦਾ ਹੈ। ਮਾਂ ਅਤੇ ਪਿਓ ਦੇ ਘਰ ਵਿੱਚ ਹੀ ਉਸਨੂੰ ਭੈਣ ਦਾ ਰੂਪ ਮਿਲਦਾ ਹੈ। ਬਾਬਲ ਦੇ ਘਰ ਜੰਮ ਪਲ ਕੇ ਜਦੋਂ ਉਸਦਾ ਵਿਆਹ ਕਰ ਦਿੱਤਾ ਜਾਂਦਾ ਹੈ ਤਾਂ ਉਹ ਇੱਕ ਪਤਨੀ ਦਾ ਰੂਪ ਲੈ ਲੈਂਦੀ ਹੈ।



ਪਤਨੀ ਦੀਆਂ ਜਿੰਮੇਵਾਰੀਆਂ ਨੂੰ ਬੇਖੂਬੀ ਨਾਲ ਨਿਭਾਉਂਦੀ ਹੋਈ ਉਹ ਮਾਂ ਬਣ ਜਾਂਦੀ ਹੈ। ਮਾਂ ਦੀਆਂ ਜਿੰਮੇਵਾਰੀਆਂ ਨੂੰ ਨਿਭਾਉਂਦੀ ਹੋਈ ਕਦੇ ਵੀ ਥੱਕਦੀ ਨਹੀਂ। ਰਾਤ ਦਿਨ ਇੱਕ ਕਰਕੇ ਬੱਚਿਆਂ ਨੂੰ ਪਾਲਦੀ ਹੈ। ਫਿਰ ਬੱਚਿਆਂ ਨੂੰ ਪੜ੍ਹਾ ਲਿਖਾ ਕੇ ਆਪਣੇ ਪੈਰਾਂ ਤੇ ਖੜ੍ਹੇ ਹੋਣ ਦੇ ਕਾਬਲ ਬਣਾਉਂਦੀ ਹੈ। ਫਿਰ ਉਹਨਾਂ ਦਾ ਵਿਆਹ ਕਰਦੀ ਹੈ ਅਤੇ ਨਾਨੀ /ਦਾਦੀ ਦਾ ਰੂਪ ਧਾਰਨ ਕਰ ਲੈਂਦੀ ਹੈ। ਸੋ ਜਿਵੇਂ ਰੱਬ ਦੇ ਅਲੱਗ ਅਲੱਗ ਰੂਪ ਹਨ ਕੋਈ ਵਾਹਿਗੁਰੂ ਕਹਿੰਦਾ ਹੈ ਕੋਈ ਰਾਮ ਰਾਮ, ਕੋਈ ਅੱਲਾ ਅੱਲਾ ਦਾ ਨਾਮ ਜਪਦਾ ਹੈ ਇਸੇ ਤਰ੍ਹਾਂ ਇੱਕ ਧੀ ਦੇ ਅਨੇਕਾਂ ਰੂਪ ਹੁੰਦੇ ਹਨ ਤੇ ਧੀ ਵੀ ਇੱਕ ਰੱਬ ਦਾ ਹੀ ਰੂਪ ਹੁੰਦੀ ਹੈ। ਧੀ ਹੁੰਦੀ ਹੈ ਤਾਂ ਸੰਸਾਰ ਹੁੰਦਾ ਹੈ ਸੋ ਧੀਆਂ ਦਾ ਸਤਿਕਾਰ ਕਰੋ, ਪੁੱਤਰਾਂ ਵਾਂਗੂੰ ਪਿਆਰ ਕਰੋ।




## ਕਿਰਤੀ ਤੇ ਮਜ਼ਦੂਰ

ਹੌਂਸਲੇ ਦੀ ਪੰਡ ਨੂੰ, ਸਿਰ ਤੇ ਉੱਠਾ ਜੋ ਚੱਲਿਆ।
ਕਿਰਤੀ ਉਹ ਹਨੇਰੀਆਂ ਤੋਂ, ਜਾਵੇ ਕਦੇ ਨਾ ਠੱਲਿਆ।
ਕਿਰਤੀ ਤੇ ਮਜ਼ਦੂਰ ਤਾਂ ਸਭ, ਧੰਨਵਾਨਾਂ ਤੋਂ ਮਜ਼ਬੂਤ ਨੇ।
ਕਿਉਂਕਿ ਕਿਰਤੀ ਗੁਰ ਨਾਨਕ ਦੇ, ਸੱਚੇ ਸੁੱਚੇ ਪੂਤ ਨੇ।

ਹੱਡ ਹਰਾਮੀ ਹੱਕ ਦਬਾਉਣੇ, ਕੰਮ ਇਹੋ ਧੰਨਵਾਨਾਂ ਦੇ।
ਇੱਕ ਦਿਨ ਕਿੱਸੇ ਖੁੱਲ੍ਹ ਹੀ ਜਾਣੇ, ਦਰਗਹਿ ਵਿੱਚ ਬੇਈਮਾਨਾਂ ਦੇ।
ਵੱਡੇ ਖ਼ੁਦ ਨੂੰ ਸਮਝਣ ਵਾਲ਼ੇ, ਸਭ ਤੋਂ ਵੱਡੇ ਊਤ ਨੇ।
ਕਿਰਤੀ ਤੇ ਮਜ਼ਦੂਰ ਤਾਂ ਸਭ, ਧੰਨਵਾਨਾਂ ਤੋਂ ਮਜ਼ਬੂਤ ਨੇ।

ਕਿਰਤੀ ਹੈ ਕਿਰਸਾਨ ਅੱਜ ਦੇ, ਖੇਤੀਂ ਹਲ ਜੋ ਵਾਹ ਰਹੇ ਨੇ।
ਗੁਰੂ ਨਾਨਕ ਦੇ ਕਹਿਣ ਮੁਤਾਬਕ, ਸੱਚੀ ਕਿਰਤ ਕਮਾ ਰਹੇ ਨੇ।
ਖ਼ੂਨ ਜੋ ਮਜ਼ਦੂਰਾਂ ਦਾ ਪੀਂਦੇ, ਵਿਗੜੇ ਉਹ ਜਮਦੂਤ ਨੇ।
ਕਿਰਤੀ ਤੇ ਮਜ਼ਦੂਰ ਤਾਂ ਸਭ, ਧੰਨਵਾਨਾਂ ਤੋਂ ਮਜ਼ਬੂਤ ਨੇ।

ਕਿਰਤੀ ਕਾਮੇ ਲੱਖ ਦੁੱਖ ਝੱਲਣ, ਕਦੇ ਨਾ ਸਿਦਕੋਂ ਡੋਲਣ ਇਹ।
ਦੂਰ ਬਲਾਵਾਂ ਹੁੰਦੀਆਂ ਸਭ, ਜਦ ਵਾਹਿਗੁਰੂ ਮੁੱਖੋਂ ਬੋਲਣ ਇਹ।
ਕਦਰ ਨਾ ਕਰਦੇ ਜੋ ਕਿਰਤੀ ਦੀ, ਸਮਝਿਓ ਉਹ ਮਨਹੂਸ ਨੇ।
ਕਿਰਤੀ ਤੇ ਮਜ਼ਦੂਰ ਤਾਂ ਸਭ, ਧੰਨਵਾਨਾਂ ਤੋਂ ਮਜ਼ਬੂਤ ਨੇ।

ਹੱਕ ਕਿਰਤੀਆਂ ਦਾ ਜੋ ਮਾਰੇ, ਉਸਨੂੰ ਮਿਲਣੀ ਢੋਈ ਨਾ।
ਨਰਕ ਕੁੰਡ ਵਿੱਚ ਜਾਣਾ ਓਸ, ਬਚਾਵਣ ਵਾਲ਼ਾ ਕੋਈ ਨਾ।
ਮਿੱਟੀ ਮਾਰੇ ਮਿੱਟੀ ਨੂੰ, ਸਭ ਮਿੱਟੀ ਦੇ ਕਲਬੂਤ ਨੇ।
ਕਿਰਤੀ ਤੇ ਮਜ਼ਦੂਰ ਤਾਂ ਸਭ, ਧੰਨਵਾਨਾਂ ਤੋਂ ਮਜ਼ਬੂਤ ਨੇ।

ਲੱਖੇ ਸਲੇਮਪੁਰੀ ਨੇ ਅੱਜ ਤੱਕ, ਕਿਰਤ ਕਮਾਉਣੀ ਛੱਡੀ ਨਹੀਂ।
ਬੂਝੜ ਲੋਕੀਂ ਸਮਝ ਰਹੇ ਨੇ, ਇਹ ਤਾਂ ਗੱਲ ਕੋਈ ਵੱਡੀ ਨਹੀਂ।
ਧੰਨਵਾਨਾਂ ਦਾ ਪੋਲ ਖੋਲਿਆ, ਇਸੇ ਹੀ ਕਰਤੂਤ ਨੇ।
ਕਿਰਤੀ ਤੇ ਮਜ਼ਦੂਰ ਤਾਂ ਸਭ, ਧੰਨਵਾਨਾਂ ਤੋਂ ਮਜ਼ਬੂਤ ਨੇ।




## ਗ਼ਜ਼ਲ

ਕੌਣ ਪਹੁੰਚੇਗਾ ਤਿਰੇ ਅਸ਼ਆਰ ਤੱਕ ।
ਲੋਕ ਹੁਣ ਪੜ੍ਹਦੇ ਨਹੀਂ ਅਖ਼ਬਾਰ ਤੱਕ ।

ਲੋੜ ਸੀ ਸਭ ਨੂੰ ਉਤੋਂ ਅਗਵਾਈ ਦੀ,
ਪਰ ਨਜ਼ਰ ਉਸਦੀ ਗਈ ਪਰਿਵਾਰ ਤੱਕ ।

ਦੇਸ਼ ਦੀ ਜਨਤਾ ਉਡੀਕਾਂ ਕਰ ਰਹੀ,
ਉਹ ਤਾਂ ਪਹੁੰਚੇ ਸਿਰਫ਼ ਇਸ਼ਤਿਹਾਰ ਤੱਕ ।

ਫਰਜ਼ ਵੀ ਸ਼ਾਮਲ ਨੇ ਸਭ ਕਾਨੂੰਨ ਵਿੱਚ,
ਪਰ ਅਦਾਲਤ ਰਹਿ ਗਈ ਅਧਿਕਾਰ ਤੱਕ ।

ਖਪਦੀ ਹੈ ਮਾਂ ਅੱਜ ਵੀ ਉਹਨਾਂ ਵਾਸਤੇ,
ਜੋ ਪ੍ਰਗਟ ਕਰਦੇ ਨਹੀਂ ਆਭਾਰ ਤੱਕ ।

ਆਸਥਾ ਨੂੰ ਤਾਂ ਭਰੋਸਾ ਤੱਕ ਨ ਸੀ,
ਗੱਲ ਕੀਕਣ ਪਹੁੰਚਦੀ ਦੀਦਾਰ ਤੱਕ।

ਪਿਆਰ ਕੀਕਣ 'ਬਹਿਲ' ਦਾ ਚੜ੍ਹਦਾ ਸਿਰੇ
ਪਹੁੰਚ ਉਹ ਸਕਿਆ ਨ ਜਦ ਇਜ਼ਹਾਰ ਤੱਕ ।



## ਰਾਂਝਾ

ਪਾ ਕੇ ਕੰਨੀ ਮੁੰਦਰਾਂ ਰਾਂਝਾ ਆਇਆ ਹੈ
ਸੋਹਣੀ ਫੱਬਤ ਮੁਹੱਬਤਾਂ ਦਾ ਤਹਿਇਆ ਹੈ
ਗੁਆਚੀ ਹੀਰ ਨੂੰ ਲੱਭਦਾ ਆਇਆ ਹੈ
ਰੰਗਪੁਰ ਖੇੜੇ ਜੋਗੀ ਡੇਰਾ ਲਾਇਆ ਹੈ
ਰੂਹ ਵਿੱਚ ਚਲਦਾ ਨਾਮ ਇੱਕ ਯਾਰ ਦਾ,
ਉਹਨੂੰ ਦਿਲ ਦੇ ਵਿੱਚ ਵਸਾਇਆ ਹੈ ।
ਬਿਰਹੋਂ ਦੀ ਪੀੜ ਬਣੀ ਸੁਲਤਾਨ,
ਅੰਦਰੋ ਹੀ ਦਰਸ ਦਿਖਾਇਆ ਹੈ
ਹੋ ਗਿਆ ਚਾਨਣ ਚਾਰ ਚੁਫ਼ੇਰੇ
ਹਰ ਪਾਸਾ ਹੁਣ ਰੁਸ਼ਨਾਇਆ ਹੈ
ਤੋੜ ਨਿਭਾ ਗਏ ਸੱਚ ਧਿਆਇਆ ਹੈ
ਰਾਂਝਾ ਰਾਂਝਾ ਕਰਦੀ ਹੀਰ ਨੇ ਰਾਂਝਾ ਪਾਇਆ ਹੈ
ਪਾ ਕੇ ਕੰਨੀ ਮੁੰਦਰਾਂ ਰਾਂਝਾ ਆਇਆ ਹੈ
ਸੋਹਣੀ ਫੱਬਤ ਮੁਹੱਬਤਾਂ ਦਾ ਤਿਹਾਇਆ ਹੈ।




ਮਿੰਨੀ ਕਹਾਣੀ

## ਸ਼ਰਮਿੰਦਗੀ

ਗੀਤਾ ਨੂੰ ਆਉਂਦੇ ਦੇਖ ਕੱਪੜੇ ਤੈਅ ਕਰਦੀ ਸੁਮਨ ਨੇ ਕਿਹਾ,"ਗੀਤਾ ਮੈਂ ਉਡੀਕੀ ਜਾਨੀ ਆਂ...ਤੂੰ ਅੱਜ ਇੰਨਾਂ ਕੁਵੇਲਾ ਕਰ ਦਿਤਾ...।"

ਗੀਤਾ ਦੇ ਚਿਹਰੇ ਤੇ ਚਿੰਤਾ ਸੀ...ਉਹ ਔਖੀ ਜਿਹੀ ਹੋ ਕੇ ਚਲ ਰਹੀ ਸੀ...ਸੁਮਨ ਦੇ ਨੇੜੇ ਆ ਉਸ ਨੇ ਕਿਹਾ,"ਬੀਬੀ ਜੀ ਅੱਜ ਮੈਂ ਪੋਚਾ ਨਹੀਂ ਲਾ ਸਕਦੀ...ਝਾੜੂ ਤਾਂ ਮੈਂ ਔਖੇ-ਸੌਖੇ ਲਾ ਦੇਵਾਂਗੀ...।"

ਕੱਪੜਿਆਂ ਨੂੰ ਤੈਅ ਕਰਦੀ ਸੁਮਨ ਰੁਕ ਗਈ ਸੀ...,"ਕਿਉਂ ਅੱਜ ਕੀ ਹੋ ਗਿਆ...?"

ਬੀਬੀ ਜੀ ਕੀ ਦਸਾਂ ਮੇਰਾ ਤਾਂ ਹੱਡ-ਹੱਡ ਭੰਨਿਆ ਪਿਐ...ਕੱਲ ਸ਼ਾਮ ਮੇਰੇ ਘਰਵਾਲੇ ਨੇ ਕੁੱਟਿਆ...।"

"ਕਿਉਂ...?"ਸੁਮਨ ਨੇ ਕਿਹਾ।

"ਕਈ ਦਸਾਂ ਜੀ..ਕੱਲ ਮੈਂ ਸ਼ਾਮ ਤੱਕ ਸੋਡੇ ਕੋਲ ਕੰਮ ਕਰਦੀ ਰਹੀ...ਤੁਸੀਂ ਬਾਰ-ਬਾਰੀਆਂ,ਪੱਖੇ ਘਰ ਦੀ ਸਫਾਈ ਕਰਵਾਉਂਦੇ ਰਹੇ...ਮੇਰਾ ਫੋਨ ਕਿਤੇ ਬੰਦ ਸੀ...ਮੈਂ ਇੱਕ ਦੋ ਵਜੇ ਤੱਕ ਘਰ ਜਾਂਦੀ ਹਾਂ...ਕੱਲ ਛੇ ਵੱਜ ਗਏ...।ਸਾਰਾ ਟੱਬਰ ਮੈਨੂੰ ਫੋਨ ਕਰਦਾ ਰਿਹਾ... ਮੇਰਾ ਫੋਨ ਲੱਗਦਾ ਨਹੀਂ ਸੀ...ਮੇਰੇ ਘਰਵਾਲਾ ਕਹਿੰਦਾ ਤੇਰਾ ਫੋਨ ਕਿਉਂ ਬੰਦ ਸੀ...ਤੂੰ ਸਾਰਾ ਦਿਨ ਕਿੱਥੇ ਸੀ....ਓਹਨੇ ਮੈਨੂੰ ਬਹੁਤ ਕੁੱਟਿਆ...ਹਾਏ...।"ਆਪਣੇ ਸ਼ਰੀਰ ਤੇ ਪਏ ਨਿਸ਼ਾਨ ਸੁਮਨ ਨੂੰ ਦਿਖਾਉਂਦੇ ਉਸ ਨੇ ਕਿਹਾ।

'ਓਹ ਹੋ ! ਅੜੀਏ ,ਇਹ ਕੀ ਹੋ ਗਿਆ ਮੇਰੇ ਕੋਲੋਂ ? ਫੋਨ ਤਾਂ ਮੈਂ ਬੰਦ ਕੀਤਾ ਸੀ ,ਬਈ ਐਵੇਂ ਕੰਮ ਨਾਂ ਛੁਡਵਾਏ ਕੋਈ । ਵੱਡੀ ਭੁੱਲ ਹੋ ਗਈ ' ਮੋਢਾ ਪਲੋਸ ਦੀ ਹੋਈ ਸੁਮਨ ਦੇ ਵੀ ਅੱਖਾਂ ਚ ਹੰਝੂ ਆ ਗਏ ।

'ਆਹ ਫੜ ਪੰਜ ਸੋ ਦਵਾਈ ਲੈ ਜਾ ਕੇ ਚਲ ,ਛੱਡ ਕੰਮ । ਤੂੰ ਆਰਾਮ ਕਰ ' ਸੁਮਨ ਨੇ ਗੀਤਾ ਹੱਥੋਂ ਝਾੜੂ ਫੜਦਿਆਂ ਕਿਹਾ ।




## ਗ਼ਜ਼ਲ

ਅੰਤਿਮ ਸਾਹਾਂ ਤੀਕਰਾਂ ਢੋਣੇ ਪੈਂਦੇ ਭਾਰ
ਹੋਣਾ ਪੈਂਦਾ ਕੁੱਬਿਆਂ ਪਲ ਪਲ ਮੇਰੇ ਯਾਰ

ਵਿੱਥਾਂ ਵੰਨ ਸੁਵੰਨੀਆਂ ਰਾਹਵਾਂ ਦੇਈ ਜਾਣ
ਕਿੱਥੇ ਕਿੱਥੇ ਆਦਮੀ ਲਾਊ ਪਹਿਰੇਦਾਰ

ਦਿਲ ਦੀ ਗੁੱਝੀ ਪੀੜ ਨੇ ਕਿੱਥੇ ਦਿੱਤਾ ਸੌਣ
ਰਾਤ ਰਿਹਾ ਮੈਂ ਭਟਕਦਾ ਗਮ ਦੀ ਬੁੱਕਲ ਮਾਰ

ਕਿਹੜਾ ਕੀਹਦੇ ਵੱਲ ਹੈ ਆਜਾ ਲਈਏ ਵੇਖ
ਤੇਰੇ ਕੋਲ ਘੁਮੰਡ ਹੈ ਮੇਰੇ ਕੋਲ ਪਿਆਰ

ਅਕਸਰ ਭੁੱਲਾਂ ਹੁੰਦੀਆਂ ਅਕਸਰ ਹੁੰਦੇ ਪਾਪ
ਭੁੱਲੀਂ ਨ ਪਛਤਾਉਣ ਦੀ ਬਖਸ਼ੂ ਬਖਸ਼ਣਹਾਰ

ਕੀ ਹੋਇਆ ਅੱਜ ਗੂੰਜਦੇ ਪਤਝੜ ਵਾਲੇ ਗੀਤ
ਇਕ ਦਿਨ ਆਊ ਲੌਟ ਕੇ ਵਤਨੀਂ ਫੇਰ ਬਹਾਰ

ਆਪੇ ਪਾਇਆ ਸੁੱਕਣੇ ਆਪੇ ਤੋੜੇ ਟਾਹਣ
ਧਾਪ ਪੁਰਾਣੇ ਬੋਹੜ ਤੋਂ ਮੁੜਕੇ ਪਾਣੀ ਵਾਰ




## ਸਾਉਣ ਮਹੀਨਾ

ਸਾਉਣ ਮਹੀਨਾ ਬਿਜਲੀ ਲਸ਼ਕੇ,
ਕਿਣਮਿਣ ਕਣੀਆਂ ਆਈਆਂ।
ਹੱਸਣ ਧੀਆਂ-ਭੈਣਾਂ ਸਹੇਲੀਆਂ,
ਪਿੱਪਲੀ ਪੀਂਘਾਂ ਪਾਈਆਂ।

ਕਾਲੀਆਂ ਘਟਾਵਾਂ ਅੰਬਰੀ,
ਰਿਮਝਿਮ ਮੀਂਹ ਵਰਸਾਵਣ।
ਕੋਇਲ ਮਿੱਠੇ ਰਾਗ ਸੁਣਾਵੇ,
ਮੋਰ ਵੀ ਪੈਲਾਂ ਪਾਵਣ

ਗਿੱਧੇ ਦੇ ਪਿੜ ਅੰਦਰ ਧੀਆਂ,
ਨੱਚਣ ਗਾਉਣ ਬਣ ਠਣ ਕੇ।
ਹੱਥੀਂ ਮਹਿੰਦੀ, ਬਾਹੀਂ ਚੂੜਾ,
ਪੈਰੀਂ ਝਾਂਜਰ ਛਣਕੇ।

ਕੱਠੀਆਂ ਹੋਕੇ ਸਭ ਮੁਟਿਆਰਾਂ।
ਪਿੜ ਵਿੱਚ ਤੀਆਂ ਲਾਵਣ,
ਪਾਉਣ ਗਿੱਧਾ ਤੇ ਬੋਲੀਆਂ,
ਗੀਤ ਖੁਸ਼ੀ ਦੇ ਗਾਵਣ।

ਐਸੀ ਮਿਹਰ ਹੋਈ ਦਾਤੇ ਦੀ,
ਖੇਤਾਂ ਵਿੱਚ ਵਸੀ ਖ਼ੁਦਾਈ।
ਮੱਕੀ, ਝੋਨਾ ਟਹਿਕਣ ਲੱਗੇ,
ਚਾਰੇ ਪਾਸੇ ਰੌਣਕ ਛਾਈ।

"ਕਲੇਰ" ਕਰੇ ਅਰਜ਼ੋਈ ਰੱਬਾ,
ਘਰ ਘਰ ਖੁਸ਼ੀਆਂ ਮਹਿਕਣ।
ਬਾਬਲ ਦਾ ਵਿਹੜਾ ਰਹੇ ਵਸਦਾ
ਧੀਆਂ ,ਨੂੰਹਾਂ ਪੁੱਤਰ ਚਹਿਕਣ।







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।
"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"
E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਰੀ ਆਨਲਾਈਨ ਮੈਗਜ਼ੀਨ
ਅੰਕ- 09 ਅਦਬੀ ਵਿਰਾਸਤ 11
538 - 632, ਸਥਾਪਨਾ ਦਸੂਹਾ ,20/07/2026 ਤੋਂ 26/07/2026 ( ਨਾਨਕਸ਼ਾਹੀ ਸੰਮਤ 11 ਸਾਵਣ 558) adbivirsat@gmail.com

## ਸਾਉਣ ਮਹੀਨਾ

ਸਾਉਣ ਮਹੀਨਾ,ਹਰ ਸਾਲ ਆਵੇ ,
ਤੀਆਂ ਦਾ ਤਿਉਹਾਰ ਲਿਆਵੇ।
ਕਿਣ ਮਿਣ ਕਰਦੀਆਂ ਕਣੀਆਂ,
ਬਿਰਹੋਂ ਸੂਲੀ ਟੰਗਦੀਆ ਕਣੀਆਂ

ਚਾਰ ਚੁਫੇਰੇ ਹਰਿਆਲੀ ਦਿਖਦੀ,
ਕੁਦਰਤ ਜਿਵੇ ਮਾਂ ਬੋਲੀ ਲਿਖਦੀ।
ਬੱਦਲ ਨੱਠ ਨੱਠ ਆਵਣ ਜਾਵਣ,
ਕਾਲੀਆਂ ਘਟਾਵਾਂ, ਚੁਫੇਰੇ ਛਾਵਣ

ਕਿਤੇ ਖੀਰ,ਮਾਲ ਪੂੜੇ, ਬਣਦੇ,
ਕਿਤੇ ਚੁੱਲੇ ਚ ਅੱਗ ਨੀ ਬਲਦੀ,
ਅੱਜ ਤਾ ਦਿਹਾੜੀ ਵੀ ਭੱਜ ਗੀ,
ਭੁੱਖੇ ਸੋ ਗਏ,ਭੁੱਖ ਵੀ ਮਰ ਗੀ।

ਛੱਤ ਤਾਂ ਸਾਡੀ ਤਿਪ ਤਿਪ ਚੌਵੇਂ,
ਥਾਂ ਥਾਂ ਭਾਂਡੇ ਰੱਖ ਕਮਲੇ ਹੋਏ
ਇੱਧਰ ਉੱਧਰ ਘਸੀਟੀਏ ਮੰਜੇ,
ਖੂੰਜੇ ਲੱਗ ਲੱਗ ਕੇ ਥੋੜ੍ਹਾ ਸੋਏ।

ਓਧਰ ਤੀਜ, ਮਨਾਉਂਦੀਆਂ ਧੀਆਂ
ਵਿਰਸਾ ਯਾਦ ਕਰਾਦੀਆਂ ਧੀਆਂ
ਮਾਂ ਬੋਲੀ ਚ, ਗਾਉਂਦੀਆਂ ਧੀਆਂ,
ਖੈਰ ਸਭ ਦੀ ਮਨਾਉਂਦੀਆਂ ਧੀਆਂ

ਸੁੱਖ ਭਰਿਆ ਸਾਵਣ ਆਏ ਜਾਏ,
ਸਭਨਾਂ ਝੌਲੀ ਖੁਸ਼ੀਆਂ ਭਰ ਜਾਏ।
ਵਸਲ ਦੀਆਂ ਘੜੀਆਂ ਲਿਆਵੇ,
ਸਾਉਣ ਮਹੀਨਾ,ਹਰ ਸਾਲ ਆਵੇ।




## ਚਿੱਠੀ

ਅਰਸਿਆਂ ਤੋਂ ਕੋਈ ਚਿੱਠੀ ਨਹੀਂ ਆਈ,
ਅੱਜ ਵੀ ਗੂੰਜਦੀ ਆ ਯਾਦਾਂ ਦੀ ਸ਼ਹਿਨਾਈ।
ਬੜਾ ਜੀ ਕਰਦਾ, ਕੋਈ ਚਿੱਠੀ ਆਵੇ,
ਨਾਲ ਆਪਣੇ ਮਿੱਠੀ ਜਿਹੀ ਯਾਦ ਲਿਆਵੇ।

ਹਰ ਅੱਖਰ ਵਿੱਚ ਕਿਸੇ ਦੀ ਮਹਿਕ ਹੋਵੇ,
ਹਰ ਸਤਰ ਵਿੱਚ ਪਿਆਰ ਦੀ ਚਹਿਕ ਹੋਵੇ।
ਦਿਲ ਹੱਸੇ, ਦਿਲ ਹੌਲੇ-ਹੌਲੇ ਗਾਵੇ,
ਚਿੱਠੀ ਨੂੰ ਚੁੰਮੇ, ਸੀਨੇ ਨਾਲ ਲਾਵੇ।

"ਦੀਪ" ਕਾਗਜ਼ ਭਾਵੇਂ ਸਾਦਾ ਜਿਹਾ ਹੋਵੇ,
ਪਰ ਉਸ ਵਿੱਚ ਆਪਣਾ ਕੋਈ ਵੱਸਦਾ ਹੋਵੇ।
ਬਸ ਐਨੀ ਜਿਹੀ ਰੱਬ ਅੱਗੇ ਅਰਦਾਸ,
ਕਦੇ ਤਾਂ ਆਵੇ ਇੱਕ ਚਿੱਠੀ...
ਬਣ ਕੇ ਕਿਸੇ ਦੀ ਮਿੱਠੀ ਜਿਹੀ ਯਾਦ।




## ਉਡੀਕ ਸੱਜਣ ਦੀ

ਮੇਰੀ ਰੂਹ ਵਿੱਚ ਵੱਸਦਿਆ ਸੱਜਣਾ
ਕਦੇ ਮਿਲ਼ਿਆ ਨਾ ਦੁਬਾਰਾ ਵੇ
ਈਦ ਲੰਘ ਗਈ ਈਦ ਦਿਆ ਚੰਦਾ
ਲਾ ਤੁਰ ਗਿਓਂ ਝੂਠਾ ਲਾਰਾ ਵੇ।

ਚੇਤੇ ਤੇਰੇ ਮਿੱਠੜੇ ਬੋਲ ਨੇਂ ਆਉਦੇ
ਯਾਦਾਂ ਬਣ ਬਣ ਬਹੁਤ ਸਤਾਉਦੇ
ਤੇਰੇ ਜਿਹਾ ਨਾ ਡਿੱਠਾ ਕੋਈ ਮੈਂ
ਢੂੰਡ ਲਿਆ ਜੱਗ ਸਾਰਾ ਵੇ
ਮੇਰੀ ਰੂਹ ਵਿੱਚ ਵੱਸ ਦਿਆਂ ਸੱਜਣਾ
ਕਦੇ ਮਿਲਿਆ ਨਾਂ ਦੁਬਾਰਾ ਵੇ

ਤੇਰਾ ਕੋਠੇ ਚੜ੍ਹ ਚੜ੍ਹ ਮੈਨੂੰ ਤੱਕਣਾ
ਦੂਰੋਂ ਵੇਖ ਕੇ ਮੇਰੇ ਵੱਲ ਹੱਸਣਾ
ਤੇਰੀ ਪ੍ਰੀਤ ਚੰਦ ਚਕੋਰੀ ਵਾਲੀ
ਲੱਗਦਾ ਸੀ ਮੈਨੂੰ ਧਰੂ ਤਾਰਾ ਵੇ
ਮੇਰੀ ਰੂਹ ਵਿੱਚ ਵੱਸ ਦਿਆ ਸੱਜਣਾ
ਕਦੇ ਮਿਲਿਆ ਨਾਂ ਦੁਬਾਰਾ ਵੇ

ਤੇਰਾ ਮਿੰਨ੍ਹਾਂ-ਮਿੰਨ੍ਹਾਂ ਜਿਹਾ ਹੱਸਣਾ
ਦਿਲ ਨੂੰ ਠੱਗਦਾ ,ਤੇਰਾ ਤੱਕਣਾ
ਰੱਖਦੀ ਸੀ ਸਾਹਾਂ ਵਿੱਚ ਵਸਾ ਕੇ
"ਨੀਰ"ਦਾ ਚੱਲਿਆ ਨਾ ਕੋਈ ਚਾਰਾ ਵੇ
ਮੇਰੀ ਰੂਹ ਵਿੱਚ ਵੱਸਦਿਆ ਸੱਜਣਾ
ਕਦੇ ਮਿਲਿਆ ਨਾਂ ਦੁਬਾਰਾ ਵੇ




## ਸ਼ਿਵ ਦੀ ਯਾਦ

ਬਿਰਹੋਂ ਵਾਲ਼ੀ ਚੀਖ ਉਹ ਅੱਜ ਵੀ, ਪਾਉਂਦਾ ਏ।
ਗੀਤਾਂ ਦੇ ਵਿੱਚ ਦਰਦ ਅਵੱਲਾ, ਲਾਉਂਦਾ ਏ।

ਜੋਬਨ ਰੁੱਤੇ ਮੌਤ ਵਿਆਹ ਕੇ, ਲੈ ਗਈ ਜਿਸ ਨੂੰ,
ਅੱਜ ਵੀ ਸਾਡੀ ਰੂਹ ਨੂੰ ਆਣ, ਜਗਾਉਂਦਾ ਏ।

ਕੰਡਿਆਲੀ ਥੋਹ੍ਰਾਂ ਦੇ ਵਰਗਾ, ਹਾਸਾ ਉਸਦਾ,
ਚੁਭਦਾ ਹੈ ਪਰ ਮਨ ਨੂੰ ਬੜਾ, ਰੁਆਉਂਦਾ ਏ।

ਮਿੱਟੀ ਵਿੱਚੋਂ ਪੀੜਾਂ ਨੂੰ, ਉਗਾਅ ਕੇ ਉਹ,
ਬਿਰਹੜੇ ਦਾ ਇੱਕ ਮਹਿਲ ਮੁਨਾਰਾ, ਬਣਾਉਂਦਾ ਏ।

ਅੱਖਾਂ ਦੇ ਵਿੱਚ ਅੱਥਰੂ ਰੱਖ, ਮੁਸਕਾਉਣਾ,
ਵੱਲ ਇਹ ਕੇਵਲ ਸ਼ਿਵ ਨੂੰ ਹੀ ਬਸ, ਆਉਂਦਾ ਏ।

ਅੱਜ ਵੀ ਜਦ ਕੋਈ ਹਿਜਰਾਂ ਵਾਲ਼ੀ, ਬਾਤ ਪਾਵੇ,
ਸ਼ਿਵ ਦਾ ਚੇਤਾ ਦਿਲ ਨੂੰ ਆਣ, ਸਤਾਉਂਦਾ ਏ।

ਕੰਚੀ ਉਮਰੇ ਇਸ਼ਕ ਦਾ ਸੂਰਜ, ਚਾੜ੍ਹ ਗਿਆ,
ਜੋ ਸਭ ਦੇ ਹਿੱਸੇ ਪੀੜਾਂ ਪਾਕ, ਵੰਡਾਉਂਦਾ ਏ।

ਉਸ ਸ਼ਾਇਰ ਦੇ ਜਨਮ ਦਿਹਾੜੇ, 'ਖਿੱਚੀ' ਵੀ,
ਹਰਫ਼ਾਂ ਵਿਚ ਮੁਹੱਬਤੀ ਰੰਗ, ਸਜਾਉਂਦਾ ਏ।







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।
"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"
E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212



## ਸਿਆਸਤ

ਸਿੱਕਾ ਪੈਸੇ ਵਾਲ਼ੇ ਦਾ ਕੰਮ ਕਰਦਾ ,ਏਥੇ ਗੱਲ ਸਿਆਸਤ ਦੀ ।
ਕੋਈ ਨਾ ਨਾਲ ਗਰੀਬ ਦੇ ਖੜ੍ਹਦਾ, ਏਥੇ ਗੱਲ ਸਿਆਸਤ ਦੀ ।

ਉੱਥੇ ਕਾਬਲ ਦੀ ਕੀ ਬੁੱਕਤ ਹੋਣੀ, ਜਿੱਥੇ ਝੁੰਡ ਨੇ ਲੁੱਚਿਆਂ ਦੇ ।
ਤਕੜੇ ਦੀ ਜਿੱਤ ਮਾੜਾ ਹਰਦਾ, ਏਥੇ ਗੱਲ ਸਿਆਸਤ ਦੀ ।

ਅੰਨ੍ਹੀ ਨੂੰ ਬੋਲਾ ਘੜੀਸੇ, ਕੌਣ ਕਿਸੇ ਨੂੰ ਪੁੱਛਦਾ ਏ ।
ਨਸ਼ਾ ਹਕੂਮਤ ਦਾ ਜਦ ਚੜ੍ਹਦਾ, ਏਥੇ ਗੱਲ ਸਿਆਸਤ ਦੀ ।

ਮਾੜੇ ਦੀ ਵਹੁਟੀ ਸਭ ਦੀ ਭਾਬੀ, ਧੀ ਗਰੀਬ ਦੀ ਕੀ ਲੱਗਦੀ ।
ਹੱਕ ਬਿਗਾਨਾ ਖਾਣੋ ਨਾ ਕੋਈ ਡਰਦਾ, ਏਥੇ ਗੱਲ ਸਿਆਸਤ ਦੀ ।

ਬਗ਼ਲੇ ਭਗਤ ਬਣ ,ਰੱਖਣ ਕੁੱਛੜ ਦੇ ਵਿੱਚ .ਛੁਰੀਆਂ ਬਈ ।
ਉਸੇ ਦੇ ਮਾਰਨ ਜਿਹੜਾ ਅੜ੍ਹਦਾ, ਏਥੇ ਗੱਲ ਸਿਆਸਤ ਦੀ ।

ਭਾਈਆਂ ਦਾ ਪਿਆਰ ਤੜਵਾਉਂਦੇ, ਲੀਡਰ ਚਾਲ ਖੇਡਦੇ ਨੇ ।
ਜਿਹੜਾ ਅੱਖ ਉਨ੍ਹਾਂ ਦੀ ਚੜ੍ਹਦਾ, ਏਥੇ ਗੱਲ ਸਿਆਸਤ ਦੀ ।

ਹਰ ਵੇਲੇ ਹੀ ਹੋਣ ਦਲੀਲਾਂ, ਦੂਜੇ ਨੂੰ ਢਾਹ ਲਾਉਣ ਦੀਆਂ ।
'ਪ੍ਰੀਤੀਮਾਨਾ' ਕਾਹਦਾ ਏ ਪਰਦਾ, ਏਥੇ ਗੱਲ ਸਿਆਸਤ ਦੀ ।




## ਬਜ਼ੁਰਗਾਂ ਦੇ ਦੁਰਵਿਹਾਰ ਦਿਵਸ ਦਾ ਸਬੂਤ ਬਿਰਧ ਆਸ਼ਰਮ



ਬਜ਼ੁਰਗਾਂ ਦੀ ਛਾਂ ਦੀ ਵਿਲਖਣਤਾ ਦਾ ਬਿਆਨ ਸ਼ਬਦਾਂ ਵਿਚ ਉਲੀਕਣਾ ਮੇਰੇ ਲਈ ਮੁਮਕਿਨ ਹੈ। ਉਹਨਾਂ ਦੀ ਠੰਢੀ, ਸ਼ਾਂਤ, ਪ੍ਰੇਮ ਸਬਰ ਸੰਤੋਖ ਠਰਮਾ ਧੀਰਜ ਸਹਿਣਸ਼ੀਲਤਾ ਦੀ ਭਾਵਨਾ ਸਦਾ ਲਈ ਸੁਖ ਦਾ ਪਲ ਖੋਜਣ ਵਿਚ ਪੂਰੀ ਆਯੂ ਦੀ ਪੂੰਜੀ ਤੁਹਾਡੇ ਵਾਸਤੇ ਲੱਗ ਜਾਂਦੀ ਹੈ। ਆਪਣੇ ਬੱਚਿਆਂ ਦੀ ਤਰੱਕੀ ਲਈ ਬਜ਼ੁਰਗਾਂ ਜੋ ਕਰਨਾ ਪਵੇ ਉਹ ਕਰਨ ਤੋਂ ਪਿਛੋਂ ਨਹੀਂ ਹੱਟਦੇ। ਹਮੇਸ਼ਾ ਚੜਦੀ ਕਲਾ ਵਿੱਚ ਰਹਿਣ ਬੱਚੇ ਸੱਖਤ ਉਪਰਾਲੇ ਕਰਨ ਤੋਂ ਗੁਰੇਜ਼ ਨਹੀਂ ਕਰਦੇ।ਪਰ ਉਹ ਨਾ ਨਾਲ ਦੁਰਵਿਹਾਰ ਕਰਨਾ ਬਚਿਆ ਦੇ ਲਈ ਇੱਕ ਬਹੁਤ ਵੱਡਾ ਕਲੰਕ ਹੈ। ਸਮਾਜ ਵਿਚ ਉਹਨਾਂ ਦਾ ਸਤਿਕਾਰ ਦੀ ਭਾਵਨਾ ਨਜ਼ਰ ਅੰਦਾਜ਼ ਕਰਕੇ ਬੱਚੇ ਪੱਧਰ ਰਸਤਾ ਲੱਭਣ ਵਿੱਚ ਨਿਕਾਮ ਰਹਿਣਗੇ।ਜੇ ਬਜ਼ੁਰਗਾਂ ਨੂੰ ਠੋਕਰਾਂ ਦੇਣਾ ਬਚਿਆ ਦੇ ਲਈ ਦੁਖਾਂਤ ਨੂੰ ਪਲੇ ਬੰਨਣਾ ਹੈ। ਜਿਵੇਂ ਤੁਸੀਂ ਆਪਣੇ ਬਜ਼ੁਰਗਾਂ ਨਾਲ ਵਿਵਹਾਰ ਕਰੋਗੇ ਉਸਤਰਾ ਦਾ ਨਤੀਜਾ ਆਪਨੂੰ ਭੁਗਤਣਾ ਲਾਜ਼ਮੀ ਹੈ। ਅਜਿਹੇ ਦੁਰਵਿਹਾਰ ਦਿਵਸ ਮਨਾਇਆ ਸਮਾਜ ਇਕ ਪਤੇ ਦੇ ਪੈਗਾਮ ਦਾ ਭਾਗੀਦਾਰ ਬਣਕੇ ਹੌਲੀ ਹੌਲੀ ਮੰਜ਼ਿਲ ਪਾਉਂਣ ਵਿਚ ਜਿੱਤ ਵੱਲ ਜਾਵੇਗਾ। ਅੱਜ ਥਾ ਥਾਂ ਉਸਰੇ ਬਿਰਧ ਆਸ਼ਰਮ ਸਮਾਜਿਕ ਮੁਖੜੇ ਨੂੰ ਧੁੰਦਲਾ ਤਾਂ ਬਣਾ ਬਜ਼ੁਰਗਾਂ ਦੇ ਦੁਰਵਿਹਾਰ ਦਾ ਬੁਲਾਵਾ ਦਿੰਦੇ ਨਜ਼ਰ ਅੰਦਾਜ਼ ਨਹੀਂ ਕੀਤੇ ਜਾ ਸਕਦੇ ਧੰਨਵਾਦ।




## ਗ਼ਜ਼ਲ

ਮੰਜ਼ਿਲ ਕੋਈ ਨਾ ਮਿਲਣੀ,ਜੇ ਦਿਲ ਹੀ ਢਾਹ ਲਿਆ ਹੈ।
ਪਰ ਕੁਝ ਨਹੀਂ ਨਾ-ਮੁਮਕਿਨ,ਜਦ ਮਨ ਬਣਾ ਲਿਆ ਹੈ।

ਕਰ ਕੂੜ ਦੀ ਕਮਾਈ, ਅੰਬਾਰ ਲਾ ਲਿਆ ਹੈ।
ਮਾਇਆ ਦੇ ਸਿਰ ਤੇ ਉਸ ਨੇ ,ਰੁਤਬਾ ਵਧਾ ਲਿਆ ਹੈ।

ਮਿਹਨਤਕਸ਼ਾਂ ਨੂੰ ਐਥੇ, ਕੋਈ ਨਾ ਪੁੱਛਦਾ ਏ,
ਧਨੀਆਂ ਨੇ ਹਰ ਜਗ੍ਹਾ ਹੀ , ਕਬਜ਼ਾ ਜਮਾ ਲਿਆ ਹੈ।

ਜੇ ਜਾਨ ਵੀ ਉਹ ਮੰਗੇ, ਕਰ ਦੇਣ ਉਹ ਵੀ ਹਾਜ਼ਰ,
ਜਿਸ ਧਾਰਿਆ ਹੈ ਮਨ ਵਿਚ, ਮਹਿਬੂਬ ਪਾ ਲਿਆ ਹੈ।

ਉਹ ਸ਼ਖ਼ਸ ਹਰ ਜਗ੍ਹਾ ਹੀ, ਪਾਉਂਦਾ ਹੈ ਫਤਹਿ ਯਾਰੋ,
ਹਿੰਮਤ ਨੂੰ ਯਾਰ ਅਪਣਾ, ਜਿਸ ਨੇ ਬਣਾ ਲਿਆ ਹੈ।

ਰੱਖਣ ਵਸਾ ਕੇ ਲੋਕੀ, ਪਰਵਾਨਿਆਂ ਨੂੰ ਦਿਲ ਵਿਚ,
ਜਿਹਨਾਂ ਵਤਨ ਦੇ ਲੇਖੇ , ਜੀਵਨ ਲਗਾ ਲਿਆ ਹੈ।

ਭਾਰਤ ਅਖੰਡ ਹੁੰਦਾ, ਦੁਨੀਆ 'ਚ ਮਾਣ ਹੁੰਦਾ,
ਸੱਤਾ ਦੇ ਭੁੱਖਿਆ ਨੇ, ਟੁਕੜੇ ਕਰਾ ਲਿਆ ਹੈ।




## ਮਾੜੇ ਉੱਪਰ ਰੋਹਬ ਜਮਾਉਨਾ

ਆਕੜ ਵਿੱਚ ਨਹੁੰ ਨ੍ਹੀਂ ਖੁੱਭਦਾ,
ਮੋਢਿਆਂ ਉਪਰੋਂ ਥੁੱਕਦਾਂ ਏ।
ਮਾੜੇ ਉੱਪਰ ਰੋਹਬ ਜਮਾਉਨਾ,
ਤੂੰ ਤਕੜੇ ਦੇ ਅੱਗੇ ਝੁੱਕਦਾਂ ਏ।

ਨਿਮਰਤਾ ਸਾਦਗੀ ਹਲੀਮੀ ਦੇ,
ਅਸਲੋਂ ਹੀ ਅਰਥ ਭੁੱਲ ਗਿਆਂ ।
ਰਿਸ਼ਤੇ ਨਾਅਤੇ ਤੂੰ ਭੁੱਲਕੇ ਸਾਰੇ,
ਮਾਇਆ ਦੇ ਉੱਪਰ ਡੁੱਲ ਗਿਆਂ ।
ਵਿਸ਼ਵਾਸ ਜਿਹੜਾ ਵੀ ਕਰਦਾ ਏ,
ਤੂੰ ਡੰਡਾ ਓਹਦਾ ਹੀ ਡੁੱਕਦਾਂ ਏ।
ਮਾੜੇ ਓਪਰ ਰੋਹਬ ਜਮਾਉਨਾ.........।

ਹੱਕ ਸੱਚ ਇਨਸਾਫ ਦੇ ਉੱਤੇ,
ਖੜ੍ਹਨਾ ਤੈਨੂੰ ਆਉਂਦਾ ਨਹੀਂ।
ਜਿੱਥੇ ਕਿਤੇ ਵੀ ਧੱਕਾ ਹੈ ਹੁੰਦਾ,
ਉਥੇ ਤੂੰ ਕਦੇ ਖੜ੍ਹਾਉਂਦਾ ਨਹੀਂ।
ਅਮੀਰਾਂ ਦੇ ਤੂੰ ਔਗਣ ਕੱਜਦੇਂ
ਗਰੀਬ ਦੀ ਗੱਲ ਤੂੰ ਚੁੱਕਦਾਂ ਏ।
ਮਾੜੇ ਉੱਪਰ ਰੋਹਬ ਜਮਾਉਨਾ.......।

ਉੱਤਮ ਜੀਵਨ ਪਾ ਕੇ ਵੀ ਤੂੰ,
ਘਟੀਆ ਹੀ ਕੰਮ ਕਰਦਾਂ ਏ।
ਦੁਨੀਆਂ ਮੈਨੂੰ ਕੀ ਆਖੇ ਗੀ,
ਭੋਰਾ ਨਾ ਬੰਦਿਆ ਡਰਦਾਂ ਏਂ।
ਜੀਹਦੇ ਤੱਕ ਵੀ ਗੌਂ ਹੈ ਹੁੰਦਾ,
ਤੂੰ ਓਹਦੇ ਕੋਲ ਹੀ ਰੁਕਦਾਂ ਏਂ।
ਮਾੜੇ ਉਪਰ ਰੋਹਬ ਜਮਾਉਂਨਾ.......।

ਮਨੁੱਖਾ ਜਨਮ ਉਤਮ ਹੈ ਬੰਦੇ,
ਐਵੇਂ ਕਿਤੇ ਗਵਾ ਨਾ ਬੈਠੀਂ।
'ਅਮਰੀਕ ਤਲਵੰਡੀ'ਵਰਗੇ ਤੋਂ,
ਗੱਲਾਂ ਕਿਤੇ ਕਰਾ ਨਾ ਬੈਠੀਂ।
ਸੋਚ ਸਮਝ ਕੇ ਚੁੱਕ ਬੰਦਿਆ,
ਕਦਮ ਜਿਹੜਾ ਵੀ ਚੁੱਕਦਾਂ ਏਂ।
ਮਾੜੇ ਉੱਪਰ ਰੋਹਬ ਜਮਾਉਨਾ........।



ਹਫ਼ਤਾਵਾਰੀ ਆਨਲਾਈਨ ਮੈਗਜ਼ੀਨ
ਅੰਕ- 09 ਅਦਬੀ ਵਿਰਾਸਤ 13
538 - 632, ਸਥਾਪਨਾ ਦਸੂਹਾ ,20/07/2026 ਤੋਂ 26/07/2026 ( ਨਾਨਕਸ਼ਾਹੀ ਸੰਮਤ 11 ਸਾਵਣ 558) adbivirsat@gmail.com

## "ਪੰਜਾਬੀ ਅਤੇ ਵਿਰਸਾ ਅਪਣਾਓ ਨਸ਼ਿਆਂ ਨੂੰ ਭਜਾਓ"

ਮਾਂ ਬੋਲੀ ਨਾਲ ਪਿਆਰ ਕਰੋ, ਪੂਰਾ ਸਤਿਕਾਰ ਕਰੋ, ਸਭ ਨਰ ਨਾਰ ਕਰੋ -
ਮਾਂ ਬੋਲੀ ਨਾਲ ਪਿਆਰ ਕਰੋ, ਪੂਰਾ ਸਤਿਕਾਰ ਕਰੋ, ਸਭ ਨਰ ਨਾਰ ਕਰੋ-
ਸਭਨਾਂ ਦਾ ਫਰਜ ਇਹ ਸਭਨਾਂ ਦਾ ਫਰਜ ਐ।
ਔਖਾ ਬੜਾ ਲਹਿਣਾ ਵੀਰੋ-ਸ਼ਰਮੇ ਦਾ ਕਹਿਣਾ
ਮਾਂ ਬੋਲੀ ਦਾ ਕਰਜ਼-ਮਾ ਬੋਲੀ ਦਾ ਕਰਜ ਐ--

ਵਿਰਸੇ ਨੂੰ ਭੁੱਲੀਏ ਨਾ ਪੱਛਮੀ ਤੇ ਡੁੱਲੀਏ ਨਾ,ਗਲੀਆਂ ਚ ਰੁਲੀਏ ਨਾ!
ਵਿਰਸੇ ਨੂੰ ਭੁੱਲੀਏ ਨਾ, ਪੱਛਮੀ ਤੇ ਡੁੱਲੀਏ ਨਾ,ਗਲੀਆਂ ਚ ਰੁਲੀਏ ਨਾ।
ਕਰੀਏ ਸੰਭਾਲ ਇਹਦੀ ਕਰੀਏ ਸੰਭਾਲ ਜੀ!
ਅੱਜ ਦੀ ਜਵਾਨੀ ਭਾਈ, ਹੋਈ ਮਸਤਾਨੀ
ਇਹਦੀ ਪੁੱਠੀ ਬੜੀ ਚਾਲ ਇਹਦੀ ਪੁੱਠੀ ਬੜੀ ਚਾਲ ਜੀ - - - -

ਜਵਾਨੀ ਬਰਬਾਦ ਹੋਈ,ਵੇਖੋ ਸ਼ਰੇਆਮ ਹੋਈ, ਨਸ਼ਿਆਂ ਦੇ ਵਿੱਚ ਖੋਈ--
ਜਵਾਨੀ ਬਰਬਾਦ ਹੋਈ, ਵੇਖੋ ਸ਼ਰੇਆਮ ਹੋਈ, ਨਸ਼ਿਆਂ ਦੇ ਵਿੱਚ ਖੋਈ - -
ਇਸ ਨੂੰ ਬਚਾਉਣਾ, ਰਲ ਮਿਲ ਕੇ ਬਚਾਉਣਾ ਹੈ!
ਗੁਰੂਆਂ ਦੀ ਸਿੱਖ ਇਹੋ, ਦੇਸ਼ ਦਾ ਭਵਿੱਖ ਇਹੋ,
ਦਿਲ ਤੋਂ ਨਿਭਾਉਣਾ ਇਹਨੂੰ ਦਿਲ ਤੋਂ ਨਿਭਾਉਣਾ ਹੈ---

ਭੁੱਲ ਚੁੱਕੇ ਆਪਾਂ ਹਾਂ ਉਹ, ਪੁਰਾਤਨ ਰਿਵਾਜ ਸੀ ਜੋ, ਜਾਂ ਪੁਰਾਣੇ ਸਾਜ ਸੀ ਜੋ--
ਭੁੱਲ ਚੁੱਕੇ ਆਪਾਂ ਹਾਂ ਉਹ, ਪੁਰਾਤਨ ਰਿਵਾਜ ਸੀ ਜੋ, ਜਾਂ ਪੁਰਾਣੇ ਸਾਜ ਸੀ ਜੋ--
ਉਹੋ ਅਪਣਾਈਏ ਸਾਰੇ ਉਹੋ ਅਪਣਾਈਏ ਜੀ।
ਵੱਡੇ ਸਮਝਾਉਂਦੇ ਰਹੇ, ਤਰਲੇ ਓਹ ਪਾਉਂਦੇ,
ਆਪਾਂ ਉਹਨਾਂ ਨੂੰ ਨਿਭਾਈਏ, ਸਾਰੇ ਉਹਨਾਂ ਨੂੰ ਨਿਭਾਈਏ ਜੀ---

ਪੰਜਾਬੀ ਸਾਡੀ ਮਾਂ ਹੈ ਜੀ, ਬੋਲਣੀ ਇਹ ਤਾਂ ਹੈ ਜੀ, ਠੰਡੀ ਇਹਦੀ ਛਾਂ ਹੈ ਜੀ-
ਪੰਜਾਬੀ ਸਾਡੀ ਮਾਂ ਹੈ ਜੀ, ਬੋਲੀਏ ਇਹ ਤਾਂ ਹੈ ਜੀ, ਠੰਡੀ ਇਹਦੀ ਛਾਂ ਹੈ ਜੀ--
ਪੰਜਾਬੀਆਂ ਦਾ ਕਹਿਣਾ, ਇਹ ਪੰਜਾਬੀਆਂ ਦਾ ਕਹਿਣਾ ਹੈ।
ਰਗ ਰਗ ਵਿੱਚ ਵਸੀ, ਸਾਡੇ ਖੂਨ ਵਿੱਚ ਰਚੀ,
ਇਹੀ ਸਾਡਾ ਗਹਿਣਾ ਭਾਈ, ਇਹੀ ਸਾਡਾ ਗਹਿਣਾ ਹੈ-

ਨਾ ਘੱਟਾ ਕਦੇ ਛਾਣੀਏ ਜੀ, ਫਰਜ ਪਛਾਣੀਏ ਜੀ, ਇਹੇ ਗੱਲਾਂ ਜਾਣੀਏ ਜੀ।
ਨਾ ਘੱਟਾ ਕਦੇ ਛਾਣੀਏ ਜੀ, ਫਰਜ਼ ਪਛਾਣੀਏ ਜੀ, ਇਹੇ ਗੱਲਾਂ ਜਾਣੀਏ ਜੀ--
ਦੱਦਾਹੂਰੀਏ ਦਾ ਕਹਿਣਾ ਦੱਦਾਹੂਰੀਏ ਦਾ ਕਹਿਣਾ ਹੈ - -
ਗਮਾਂ ਨੂੰ ਭਲਾਈਏ ਸਦਾ, ਦੁੱਖਾਂ ਨੂੰ ਭਜਾਈਏ ਨਹੀਂ ਤਾਂ
ਬਹੁਤ ਵੱਡਾ ਮਿਹਣਾ- ਵੀਰੋ ,ਬਹੁਤ ਵੱਡਾ ਮਿਹਣਾ ਹੈ---




## ਗੁਲਾਬੀ ਚੁੰਨੀ

ਮਹਿਜ਼ ਅੱਠ ਕੁ ਸਾਲ ਦੀ ਹੀ ਸੀ ਜਦੋਂ ਅਚਾਨਕ ਮਾਂ ਭਰਿਆ ਵਿਹੜਾ ਛੱਡ ਕੇ ਦੁਨੀਆਂ ਤੋਂ ਰੁਖ਼ਸਤ ਹੋ ਗਈ। ਇੱਕ ਜੀਅ ਬਿਨਾਂ ਘਰ, ਵਿਹੜਾ, ਦੁਨੀਆਂ ਸੁੰਨੀ ਹੋ ਗਈ।ਭਾਪਾ ਜੀ ਦੇ ਜਿਉਂ ਜਿਉਂ ਹੰਝੂ ਸੁਕਦੇ ਗਏ, ਉਹ ਸਖ਼ਤ ਹੁੰਦੇ ਗਏ ਤੇ ਸੱਤਰਾਂ ਨੂੰ ਢੁੱਕੀ ਦਾਦੀ,ਜਿਹਨੇ ਮਾਂ ਦੇ ਸਿਰ ਤੇ ਸਾਰਾ ਕੰਮ ਛੱਡ ਰੱਖਿਆ ਸੀ,ਮੁੜ ਚੁੱਲ੍ਹਾ ਚੌਂਕਾ ਸਾਂਭਣਾ ਪਿਆ ਤਾਂ ਸੁਭਾਵਿਕ ਸੀ ਖਿਝਣਾ ਤੇ ਚਿੜਨਾ। ਵੀਰਾ ਮੇਰੇ ਤੋਂ ਪੰਜ ਸਾਲ ਵੱਡਾ ਸੀ ਸੋ ਉਹਨੇ ਪਰਿਵਾਰ ਦਾ ਪਿਆਰ ਬਾਹਰ ਦੋਸਤਾਂ, ਮਿੱਤਰਾਂ ਵਿਚੋਂ ਲੱਭਣਾ ਸ਼ੁਰੂ ਕਰ ਦਿੱਤਾ ਤੇ ਰਹਿ ਗਈ ਮੈਂ ਇਕੱਲੀ ਮਾਂ ਦੀਆਂ ਯਾਦਾਂ ਸਾਂਭਦੀ। ਜਦੋਂ ਮਨ ਬਹੁਤ ਉਦਾਸ ਹੁੰਦਾ, ਕੋਈ ਝਿੜਕ ਦਿੰਦਾ, ਘੂਰ ਦਿੰਦਾ ਤਾਂ ਅਕਸਰ ਮਾਂ ਦੇ ਸਿਰ ਲਈ ਉਹ ਗੁਲਾਬੀ ਚੁੰਨੀ ਲੇ, ਘਰ ਦਾ ਕੋਈ ਕੋਨਾ ਲੱਭ ਕੇ ਪੈ ਜਾਂਦੀ,ਰੱਜ ਰੋਂਦੀ, ਮਾਂ ਨਾਲ ਗੱਲਾਂ ਕਰਦੀ, ਦੁੱਖ ਦੱਸਦੀ ਤੇ ਜਦੋਂ ਮਨ ਹੌਲ਼ਾ ਹੋ ਜਾਂਦਾ,ਕਿਸੇ ਨਾ ਕਿਸੇ ਆਹਰੇ ਲੱਗ ਜਾਂਦੀ।

ਦਸਵੀਂ ਤੱਕ ਪਹੁੰਚਦਿਆਂ ਮੈਂ ਘਰ ਬਾਰ ਤੇ ਰਸੋਈ ਪੂਰੀ ਤਰ੍ਹਾਂ ਸਾਂਭ ਲਈ,ਪਰ ਕੋਈ ਕੰਮ ਖ਼ਰਾਬ ਹੋ ਜਾਂਦਾ, ਘਾਟਾ ਪੈ ਜਾਂਦਾ, ਵੀਰ ਦਾ ਕੋਈ ਉਲਾਂਭਾ ਆ ਜਾਂਦਾ ਤਾਂ ਭਾਪਾ ਜੀ ਦਾ ਸਾਰਾ ਗੁੱਸਾ ਮੇਰੇ ਤੇ ਨਿਕਲਦਾ ਤੇ ਮੈਂ ਡਰ ਨਾਲ ਕੰਬਦੀ ਗੁਲਾਬੀ ਚੁੰਨੀ ਲੈ ਕੇ ਪੈ ਜਾਂਦੀ। ਹੱਡੀਆਂ ਦੀ ਮੁੱਠ ਤੇ ਮੰਜੇ ਦਾ ਸ਼ਿੰਗਾਰ ਬਣੀ ਦਾਦੀ ਵੀ ਜਹਾਨੋਂ ਤੁਰ ਗਈ। ਘਰ ਵਿਚ ਖੁਸ਼ੀ ਤੇ ਹਾਸਾ ਕਦੇ ਸੁਣਿਆ ਹੀ ਨਾ। ਫਿਰ ਵੀਰ ਦੇ ਵਿਆਹ ਦੀ ਗੱਲ ਚੱਲ ਪਈ,ਮਨੋਮਨੀ ਮੈਂ ਬਹੁਤ ਖੁਸ਼ ਸੀ ਕਿ ਚਲੋ ਕੋਈ ਤਾਂ ਮਿਲੇਗਾ ਦੁੱਖ ਸੁੱਖ ਫਰੋਲਣ ਲਈ,ਪਰ ਅਚਾਨਕ ਇੱਕ ਬੋਲ ਹਥੌੜੇ ਵਾਂਗ ਵੱਜਿਆ,"ਮੈਂ ਸਾਰੀ ਉਮਰ ਜ਼ਿੰਮੇਵਾਰੀਆਂ ਵਿੱਚ ਫ਼ਸਿਆ ਨੀਂ ਰਹਿਣਾ, ਦੋਨੋਂ ਬੱਚਿਆਂ ਦੇ ਵਿਆਹ ਇਕੱਠਿਆਂ ਦੇ ਕਰ ਦੇਣੇ।" ਬੜਾ ਦਿਲ ਕੀਤਾ ਕਹਿਣ ਲਈ ਕੇ ਬਾਬਲਾ ਮੈਂ ਤਾਂ ਹਾਲੇ ਅਠਾਰਾਂ ਦੀ ਵੀ ਨਹੀਂ ਹੋਈ,ਪਰ ਭਾਪਾ ਜੀ ਮੂਹਰੇ ਬੋਲਦਾ ਕੋਣ ?ਬੱਸ ਮਾਂ ਦੀ ਗੁਲਾਬੀ ਚੁੰਨੀ ਵਿਚੋਂ ਮੋਹ ਭਾਲਦੀ ਰਹਿੰਦੀ ਤੇ ਪਤਾ ਹੀ ਨਹੀਂ ਲੱਗਿਆ ਕਦੋਂ ਗੁਲਾਬੀ ਚੁੰਨੀ ਲਾਹ ਕੇ ਲਾਲ ਦੇ ਕੇ, ਇੱਕ ਰਸੋਈ ਵਿੱਚੋਂ ਕੱਢ ਦੂਜੀ ਰਸੋਈ ਵਿੱਚ ਵਾੜ ਦਿੱਤੀ

ਉਹ ਸਿਰ ਦਾ ਸਾਈਂ ਵੀ ਮਨ ਦੀ ਸੁਣਨੇ ਤੇ ਜਾਣਨੇ ਵਾਲਾ ਨਾ ਮਿਲਿਆ, ਬੱਸ ਰੱਬ ਨੇ ਇੱਕ ਖੁਸ਼ੀ ਜ਼ਰੂਰ ਦਿੱਤੀ, ਇੱਕ ਧੀ ਪੱਲੇ ਪਾ ਦਿੱਤੀ ਪਰ ਉਸ ਤੋਂ ਬਾਅਦ ਬੰਜਰ ਬਣੀ ਕੁੱਖ ਕੋਈ ਫੁੱਲ ਨਾ ਉਗਾ ਸਕੀ ਤੇ ਵੰਸ਼ ਵਧਾਉਣ ਵਾਲਾ ਪੈਦਾ ਨਾ ਕਰ ਸਕਣ ਕਰਕੇ,ਹਰ ਰੋਜ਼ ਤਾਅਨੇ, ਮਿਹਣੇ ਸੁਣਦੀ ਨੂੰ ਉਹ ਹੀ ਗੁਲਾਬੀ ਚੁੰਨੀ ਦਾ ਸਹਾਰਾ ਲੈਣਾ ਪੈਂਦਾ।

ਪਰ ਅੱਜ ਹੱਦ ਹੋ ਗਈ, ਜਦੋਂ ਇਤਿਹਾਸ ਦੁਹਰਾਅ ਹੋਣ ਲੱਗਾ, ਅਠਾਰਾਂ ਕੁ ਦੀ ਹੋਈ ਧੀ ਲਈ ਰਿਸ਼ਤਾ ਆਇਆ,ਪਰ ਉਹਨੇ ਹਾਲੇ ਵਿਆਹ ਕਰਵਾਉਣ ਤੋਂ ਕੋਰੀ ਨਾਂਹ ਕਰ ਦਿੱਤੀ ਤਾਂ ਪਿਉ ਦਾ ਤਾੜ ਕਰਦਾ ਥੱਪੜ ਧੀ ਦੀ ਗੱਲ਼ ਲਾਲ ਕਰ ਗਿਆ, ਉਹਨੇ ਬੜੇ ਹਿਰਖ਼ ਨਾਲ ਮੇਰੇ ਵੱਲ ਦੇਖਿਆ,ਪਰ ਮੈਂ ਚੁੱਪ। ਅੰਦਰ ਵੜ ਉਹ ਹੀ ਗੁਲਾਬੀ ਚੁੰਨੀ ਕੱਢ ਉੱਪਰ ਲੈਣ ਲੱਗੀ ਤਾਂ ਉਹ ਕੁੱਖੋਂ ਜੰਮੀ ਕੜਕ ਕੇ ਬੋਲੀ,"ਮਰੀਓ ਮਾਂ ਤੋਂ ਕੀ ਆਸਰਾ ਭਾਲਦੇ ਓ, ਜਦੋਂ ਮੈਨੂੰ ਜਿਉਂਦੀ ਦਾ ਕੋਈ ਸਹਾਰਾ ਨਹੀਂ ?"ਉਹਦੇ ਇੱਕ ਬੋਲ ਨੇ ਪਤਾ ਨਹੀਂ ਕੀ ਜਾਦੂ ਕੀਤਾ ਕਿ ਮੈਂ ਉੱਪਰ ਲੈ ਕੇ ਪੈਣ ਵਾਲੀ ਉਹ ਗੁਲਾਬੀ ਚੁੰਨੀ ਸਿਰ ਉੱਪਰ ਲੈ ਕੇ ਬੂਹੇ ਵਿੱਚ ਡਟ ਕੇ ਖੜ ਗਈ।




ਮਿੰਨੀ ਕਹਾਣੀ

## ਅਪਾਹਿਜ ਸੋਚ ਦੇ ਪੈਰਾਂ 'ਤੇ ਤੁਰਦਾ ਮਨੁੱਖ

ਉਸ ਦਿਨ ਤੋਂ ਬਾਦ , ਜਿਸ ਦਿਨ ਉਹ ਕਾਹਲਾ ਸਿੰਘ ਵਿਚੋਲੇ ਨੂੰ ਨਾਲ ਲੈ ਕੇ ਆਪਣੇ ਮੁੰਡੇ ਦਾ ਰਿਸ਼ਤਾ ਕਰਨ ਗਿਆ ਸੀ ਤੇ ਜਵਾਬ ਦੇ ਕੇ ਵਾਪਸ ਮੁੜ ਆਇਆ ਸੀ - ਅੱਜ ਮਿਲਿਆ ਸੀ ਉਸਨੂੰ ਮਲੇਰ ਕੋਟਲੇ ਬਾਜ਼ਾਰ ਵਿੱਚ।

" ਦੇਖ ਲੈ ਲਾਭ ਸਿਆਂ! ਤੂੰ ਓਦੋਂ ਜਵਾਬ ਦੇ ਆਇਆ ਤੀ ਨਾ ਰਿਸ਼ਤੇ ਨੂੰ।ਅਖੇ ,ਮੁੰਡਾ ਅਪਾਹਿਜ ਐ। ਕੀ ਕਰੂ ? ਦੇਖ ਲੈ ਰੱਬ ਦੇ ਰੰਗ,ਮੁੰਡਾ ਸਰਕਾਰੀ ਕੁਰਸੀ ਤੇ ਬੈਠਾ ਅੱਜ।"ਹਾਲ ਚਾਲ ਪੁੱਛਣ - ਦੱਸਣ ਤੋਂ ਬਾਦ ਵਿਚੋਲੇ ਨੇ ਗੱਲ ਤੋਰ ਲਈ ਸੀ।

"ਹੈਂ ! ਸਰਕਾਰੀ ਕੁਰਸੀ ਤੇ ?ਨੌਕਰੀ ਮਿਲ ' ਗੀ ਓਹਨੂੰ ? ਮੈ ਤਾਂ ਸੋਚਿਆ ਤੀ ਬਈ.........!"ਵਿਚੋਲੇ ਦੀ ਗੱਲ ਸੁਣਕੇ ਉਸਦੀਆਂ ਅੱਖਾਂ ਜਿਵੇਂ ਅੱਡੀਆਂ ਰਹਿ ਗਈਆਂ ਸਨ।ਉਸ ਤੋਂ ਬਾਕੀ ਗੱਲ ਪੂਰੀ ਨਹੀਂ ਸੀ ਹੋਈ।

" ਹਾਂ , ਸਰਕਾਰੀ ਕੁਰਸੀ ਤੇ । ਮਾਸਟਰ ਲਾਗਿਆ ਮੁੰਡਾ । ਮੀਨੇ ਬਾਦ ਸੱਠ ਹਜਾਰ ਪਾ ਕੇ ਲਿਆਉਂਦੈ ਜੇਬ ' ਚ।" ਕਹਿੰਦਿਆਂ ਵਿਚੋਲੇ ਦੀਆਂ ਅੱਖਾਂ ਦੀ ਚਮਕ ਕਿਸੇ ਮਾਣ ਨਾਲ ਹੋਰ ਦੂਣੀ ਹੋ ਗਈ ਸੀ।

" ਹੈਂ !ਸੱਠ ਹਜ਼ਾਰ!" ਉਸਨੂੰ ਜਿਵੇਂ ਕੋਈ ਹੋਰ ਗੱਲ ਅਹੁੜੀ ਹੀ ਨਹੀਂ ਸੀ।

" , ਹਾਂ, ਸੱਠ ਹਜ਼ਾਰ । ਨਾਲ਼ੇ ਹੁਣ ਤਾਂ ਸਕੂਟਰ ਵੀ ਲੈ ਲਿਆ ਨਵਾਂ ਓਹਨੇ ਕਿਸ਼ਤਾਂ ਤੇ। ਮਕਾਨ ਦੀ ਮੁਰੰਮਤ ਕਰਾ ਰਿਹੈ ਹੁਣ।ਤੂੰ ਕਹਿੰਦਾ ਤੀ , ਏਸ ਅਪਾਹਿਜ ਦੇ ਮਗਰ ਲਾ ਕੇ ਕੁੜੀ ਨੂੰ ਵੀ ਅਪਾਹਿਜ ਬਣਾਉਣੈ ਸਾਰੀ ਉਮਰ ਲਈ ਮੈਂ ।" ਵਿਚੋਲੇ ਦੀਆਂ ਕੌੜੀਆਂ ਤੇ ਸੱਚੀਆਂ ਗੱਲਾਂ ਸੁਣਕੇ ਉਸਨੂੰ ਚੱਕਰ ਆਉਣ ਲੱਗ ਪਏ ਸਨ। ਉਸ ਤੋਂ ਕੁਝ ਵੀ ਨਹੀਂ ਸੀ ਬੋਲਿਆ ਗਿਆ ।ਉਸਨੂੰ ਜਿਵੇਂ ਸੱਪ ਸੁੰਘ ਗਿਆ ਸੀ।

ਵਿਚੋਲਾ ਉਸਦੇ ਮੂੰਹ ਵੱਲ ਹੈਰਾਨੀ ਨਾਲ ਦੇਖਣ ਲੱਗਿਆ ਸੀ। ਉਹ ਵਿਚੋਲੇ ਦੇ ਸਾਹਮਣੇ ਸ਼ਰਮਿੰਦਗੀ ਦੇ ਅਹਿਸਾਸ ਨਾਲ ਨੀਵੀਂ ਪਾਈਂ ਖੜ੍ਹਾ ਸੀ।

" ਗੁੱਸਾ ਨਾ ਕਰੀਂ ਲਾਭ ਸਿਆਂ , ਹੁਣ ਦੱਸ - ਅਪਾਹਿਜ ਉਹ ਲੰਗੜਾ ਕੇ ਤੁਰਨ ਵਾਲਾ ਮੁੰਡਾ ਤੀ ਜਾਂ ਤੇਰੀ ਸੋਚ ਅਪਾਹਿਜ ਤੀ ?" ਵਿਚੋਲੇ ਨੇ ਉਸਦੀਆਂ ਅੱਖਾਂ ਵਿੱਚ ਅੱਖਾਂ ਪਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਹ ਤਾਂ ਧਰਤੀ ਵਿੱਚ ਅੱਖਾਂ ਗੱਡੀਂ ਤੁਰਿਆ ਜਾ ਰਿਹਾ ਸੀ ਬੱਸ ਅੱਡੇ ਵੱਲ।

" ਵਿਚੋਲਾ ਠੀਕ ਹੀ ਤਾਂ ਕਹਿ ਰਿਹੈ।ਅਪਾਹਿਜ ਉਹ ਮੁੰਡਾ ਨਹੀਂ, ਅਪਾਹਿਜ ਮੈਂ ਆਂ - ਅਪਾਹਿਜ ਮੇਰੀ ਸੋਚ ਐ। ਅਪਾਹਿਜ ਮੇਰੀ ਸੋ.....ਚ..... ਐ ।" ਅਪਾਹਿਜ ਸੋਚ ਦੇ ਪੈਰਾਂ ਨਾਲ ਲੜਖੜਾ ਕੇ ਤੁਰਦਾ ਤੁਰਦਾ ਉਹ ਅੱਡੇ ਵਿੱਚ ਆ ਕੇ ਪਿੰਡ ਵਾਲੀ ਬੱਸ ਵਿੱਚ ਬਹਿ ਗਿਆ ਸੀ।

ਪਰ ....... ਪਰ ਉਸ ਰਾਤ ਉਸਨੂੰ ਨੀਂਦ ਨਹੀਂ ਸੀ ਆਈ।ਸਾਰੀ ਰਾਤ ਉਸਦੀ ਸੋਚ ਉਸਦੇ ਦਿਮਾਗ ਨੂੰ ਘੁਣ ਵਾਂਗ ਖਾਂਦੀ ਰਹੀ ਸੀ।

" ਹਾਂ ਹੁਣ ਦੱਸ, ਉਹ ਮੁੰਡਾ ਅਪਾਹਿਜ ਸੀ ਜਾਂ ਤੂੰ ਲਾਭ ਸਿੰਆਂ?"ਉਸਦੀ ਸੋਚ ਦੀ ਆਵਾਜ਼ ਉਸਦੇ ਕੰਨਾਂ ਵਿੱਚ ਜਿਵੇਂ ਹਥੌੜੇ ਵਾਂਗ ਵੱਜ ਰਹਿ ਸੀ।




## ਸਾਉਣ ਮਹੀਨਾ

ਸਾਉਣ ਦੀਆਂ ਝੜੀਆਂ ਰੱਬਾ ਰਹਿਮਤਾਂ ਵਰਸਾਈਂ,
ਡੁੱਬਣ ਨਾ ਕਿਸੇ ਦੇ ਸੁਪਨੇ ਐਸੀ ਮਿਹਰ ਵਰਤਾਈਂ।
ਨਦੀਆਂ ਨਾਲੇ ਭਰ ਵੀ ਜਾਵਣ ਪਰ ਹੱਦਾਂ ਵਿੱਚ ਹੀ ਰਹਿਣ,
ਸਭਨਾਂ ਘਰਾਂ ਦੇ ਵਿਹੜਿਆਂ ਨੂੰ ਖੁਸ਼ੀਆਂ ਨਾਲ਼ ਮਹਿਕਾਈਂ।
ਅੰਬਾਂ ਦੀ ਮਹਿਕ ਉੱਡੇ ਤੇ ਜਾਮਣ ਰੰਗ ਵਿਖਾਵੇ,
ਖੇਤਾਂ ਦੇ ਹਰ ਕੋਨੇ ਉੱਤੇ ਹਰਿਆਵਲ ਛਿੜਕਾਈਂ।
ਖੀਰ ਪੂੜਿਆਂ ਦੀ ਖੁਸ਼ਬੂ ਚੁੱਲ੍ਹਿਆਂ ਵਿੱਚੋਂ ਉੱਠੇ,
ਹਰ ਇੱਕ ਮਾਂ ਦੇ ਹੱਥਾਂ ਵਿੱਚ ਬਰਕਤ ਤੂੰ ਵਸਾਈਂ।
ਤੀਆਂ ਦੇ ਗੀਤ ਗੂੰਜਣ ਪਿੱਪਲ ਪੀਂਘਾਂ ਪਾਵਣ,
ਹਾਸਿਆਂ ਦੀਆਂ ਡੋਰਾਂ ਨਾਲ ਰੁੱਤ ਸੁਹਣੀ ਸਜਾਈਂ।
ਧੀਆਂ ਪੇਕੇ ਤੀਜ ਮਨਾਵਣ ਮਾਪਿਆਂ ਦੇ ਵਿਹੜੇ ਵਿੱਚ,
ਮਾਂ ਦੀਆਂ ਦੁਆਵਾਂ ਵਰਗੀ ਠੰਢੀ ਛਾਂ ਵਿਛਾਈਂ।
ਚੂੜੀਆਂ ਦੀਆਂ ਛਣਕਾਰਾਂ ਨਾਲ ਰੰਗਲੇ ਦਿਨ ਸਜ ਜਾਵਣ,
ਰੁੱਸਿਆਂ ਦੇ ਵੀ ਮਨਾਂ ਅੰਦਰ ਪਿਆਰ ਦੀ ਜੋਤ ਜਗਾਈਂ।
ਸਾਉਣ ਆਵੇ ਹਰ ਸਾਲ ਹੀ ਸੁੱਖਾਂ ਦੀ ਸੌਗਾਤ ਬਣ ਕੇ,
ਰੱਬੀ ਨਾਮ ਦੇ ਰੰਗ ਨਾਲ ਦੁਨੀਆਂ ਸਾਰੀ ਰੁਸ਼ਨਾਈਂ।








ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਾਰੀ ਆਨਲਾਈਨ ਮੈਗਜ਼ੀਨ
ਅੰਕ- 09 ਅਦਬੀ ਵਿਰਾਸਤ 14
538 - 632, ਸਥਾਪਨਾ ਦਸੂਹਾ ,20/07/2026 ਤੋਂ 26/07/2026 ( ਨਾਨਕਸ਼ਾਹੀ ਸੰਮਤ 11 ਸਾਵਣ 558) adbivirsat@gmail.com

## ਰੱਬ ਅੱਗੇ ਅਰਦਾਸ

ਕਰਦੇ ਕਿਰਪਾ ਦਾਤਾ ਭਵ ਸਾਗਰ ਤਰ ਜਾਵਾਂ ਮੈਂ।
ਉੱਠਦੇ ਬਹਿੰਦੇ ਸ਼ਾਮ ਸਵੇਰੇ ਤੇਰੇ ਗੁਣ ਗਾਵਾਂ ਮੈਂ।
ਮੈਂ ਪਾਪੀ ਤੂੰ ਬਖਸ਼ਣਹਾਰ ਮੇਰੀਆਂ ਭੁੱਲਾਂ ਬਖਸ਼ਾਦੇ ਤੂੰ।
ਮੇਰੀ ਡੁੱਬਦੀ ਹੋਈ ਬੇੜੀ ਨੂੰ ਬਸ ਪਾਰ ਲੰਘਾ ਦੇ ਤੂੰ।
ਤੇਰਾ ਦਰ ਛੱਡ ਕੇ ਹੋਰ ਕਿਸੇ ਦੇ ਦਰ ਤੇ ਨਾ ਜਾਵਾ ਮੈਂ ।
ਉੱਠਦੇ ਬਹਿੰਦੇ ਸ਼ਾਮ ਸਵੇਰੇ ਤੇਰੇ ਗੁਣ ਗਾਵਾਂ ਮੈਂ।

ਤੂੰ ਹੈ ਦੇਵਣਹਾਰ ਮੈਂ ਤੇਰੇ ਦਰ ਦਾ ਮੰਗਤਾ ਹਾਂ।
ਮੈਂ ਤੇਰੇ ਰੰਗ ਦੇ ਵਿੱਚ ਰੰਗਿਆ ਜੋਗੀ ਰਮਤਾ ਹਾਂ।
ਤੂੰ ਦਾਤਾ ਦਾਤਾਰ ਤੇਰਾ ਹੀ ਦਿੱਤਾ ਖਾਵਾਂ ਮੈਂ।
ਉੱਠਦੇ ਬਹਿੰਦੇ ਸ਼ਾਮ ਸਵੇਰੇ ਤੇਰੇ ਗੁਣ ਗਾਵਾਂ ਮੈਂ।

ਮੈਂ ਬੇਕਾਰ ਲਾਚਾਰ ਮੈਨੂੰ ਬਾਣੀ ਦੇ ਲੜ ਲਾ ਦੇ ਤੂੰ।
ਮੈਂ ਹਾਂ ਭਟਕਣਹਾਰ ਸੱਚ ਦੀ ਰਾਹ ਦਿਖਾ ਦੇ ਤੂੰ।
ਤੇਰੇ ਨਾਂ ਦੀ ਘੋਲ ਕਮਾਈ ਆਪਣੇ ਪੱਲੇ ਪਾਵਾਂ ਮੈਂ।
ਉੱਠਦੇ ਬਹਿੰਦੇ ਸ਼ਾਮ ਸਵੇਰੇ ਤੇਰੇ ਗੁਣ ਗਾਵਾਂ ਮੈਂ।

ਕੇਵਲ ,ਤੇਰੇ ਦਰ ਤੇ ਆਇਆ ਖਾਲੀ ਮੋੜੀ ਨਾ।
ਹਠੂਰ ਵਾਲੇ, ਦੀਆਂ ਆਸਾਂ ਵੇਖੀ ਕਿਤੇ ਤੋੜੀ ਨਾ।
ਤੇਰੇ ਦਰ ਤੋਂ ਮੁੜ ਕੇ ਕਦੇ ਨਾ ਖਾਲੀ ਜਾਵਾਂ ਮੈਂ।
ਉੱਠਦੇ ਬਹਿੰਦੇ ਸ਼ਾਮ ਸਵੇਰੇ ਤੇਰੇ ਗੁਣ ਗਾਵਾਂ ਮੈਂ




ਮਿੰਨੀ ਕਹਾਣੀ

## ਫ਼ਿਕਰ

ਸਾਰਾ ਦਿਨ ਮੀਂਹ ਵਰਦਾ ਰਿਹਾ । ਸਾਰੀ ਰਾਤ ਵੀ । ਜਰਨੈਲੀ ਸੜਕ 'ਤੇ ਪੈਂਦੀ ਬਜਰੀ ਦੀ ਮੋਟੀ ਤਹਿ ਦੇ ਨਾਲ ਨਾਲ ਤੁਰਦੇ ਲੇਬਰ ਦੇ ਤੰਬੂ , ਖੇਤਾਂ-ਖਤਾਨਾਂ ਵਿੱਚ ਭਰੇ ਪਾਣੀ ਅੰਦਰ ਡੁਬਣੋ ਡਰਦੇ , ਬਣਦੀ ਪੱਕੀ ਵਲ ਨੂੰ ਸਰਕ ਆਏ – ਅਗਲਾ ਦਿਨ ਚੜ੍ਹਦਿਆਂ ਸਾਰ ਹੀ ਠੇਕੇਦਾਰ ਦੀਆਂ ਗੰਦੀਆਂ ਗਾਲ੍ਹਾਂ ਨਾਲ ਲਿਬੜੇ ਤੰਬੂ ਤਾਂ ਖਤਾਨਾਂ ਦੀਆਂ ਢਲਾਨਾਂ ਵਲ ਤਿਲਕ ਗਏ ,ਉਨ੍ਹਾਂ ਅੰਦਰ ਠੁਰ ਠੁਰ ਕਰਦੇ ਭਿੱਜੇ ਚੁਲ੍ਹੇ 'ਦਿਹਾੜੀਦਾਰਾਂ ' ਲਈ ਬੁਰਕੀ ਰੋਟੀ ਵੀ ਨਾ ਪਕਾ ਸਕੇ ।
ਦੂਰ ਹਟਵੇਂ ਛੱਪੜ 'ਚੋ ਪਾਣੀ ਢੋਂਦੀ ਟੈਂਕੀ ਦੀ ਲੇਬਰ ਬਚਾਉਣ ਲਈ ਠੇਕੇਦਾਰ ਨੇ ਵਰ੍ਹਦੇ ਮੀਂਹ ਵਿਚ ਪਰਲੂ ਚਲਾਉਣ ਦਾ ਹੁਕਮ ਦੇ ਕੇ , ਭੁੱਖੇ-ਭਾਣੇ ਮਰਦਾਂ-ਇਸਤ੍ਰੀਆਂ ਨੂੰ ਟੋਕਰੀਆਂ ਹੇਠ ਜੋੜ ਦਿੱਤਾ । ਰਾਧੀ ਦੀ ਪੰਜ ਕੁ ਸਾਲ ਦੀ ਪਿੰਨੋ ਨੇ ਮਾਂ ਦੀ ਪਾਟੀ ਸਾੜ੍ਹੀ ਦੇ ਟੋਟੇ ਵਿਚ ਇਕ ਸਾਲ ਦੇ ਨਿੱਕੇ ਤੇਜੂ ਨੂੰ ਲਪੇਟ ਲਿਆ , ਅਤੇ ' ਸੜਕ ਬੰਦ ਹੈ ' ਲਿਖੇ ਦੋ ਡਰਮਾਂ 'ਤੇ ਟਿਕਾਏ ਫੱਟੇ ਹੇਠ ਖਲੋ ਕੇ ਆਉਂਦੀਆਂ ਮੋਟਰਾਂ ਗੱਡੀਆਂ ਨੂੰ ਰੋਕ ਕੇ ਲੰਘਾਉਣ ਲਈ ਮੈਲੀ ਜਿਹੀ ਲਾਲ ਝੰਡੀ ਫੜ ਲਈ । ਦੁਪਹਿਰ ਪਿਛੋਂ ਇਸ ਸੜਕੇ ਅੰਤਰ-ਰਾਸ਼ਟਰੀ ਕਾਰ ਰੈਲੀ ਲੰਘਣ ਤੋਂ ਪਹਿਲਾਂ ਪਹਿਲਾਂ ਬਹੁਤੇ ਖ਼ਰਾਬ ਟੋਟੇ ਨੂੰ ਸੁਆਰਨ ਦੇ ਉਪਰੋਂ ਚੜ੍ਹੇ ਹੁਕਮ ਦੀ ਪਾਲਣਾ ਕਰਦੇ ਠੇਕੇਦਾਰ ਨੇ ਰਾਧੀ ਨੂੰ ਦੁੱਧ ਚੁੰਘਾਉਣ ਲਈ ਵਿਲਕਦੇ ਬਾਲ ਕੋਲ ਜਾਣੋ ਉਨ੍ਹਾਂ ਚਿਰ ਰੋਕੀ ਰੱਖਿਆ ਜਿੰਨਾ ਚਿਰ ਮਹਿਕਮੇ ਦੇ ਵੱਡੇ ਅਫ਼ਸਰ ਦੀ ਜੀਪ ਨੱਪੀ ਰੋੜੀ ਉਪਰੋਂ ਲੰਘ ਕੇ ' ਓ.ਕੇ. ' ਨਾਂ ਆਖ ਗਈ ।
ਠੰਡ ਨਾਲ ਠਰੇ ਸੁੰਨ ਹੋਏ ਬਾਲਾਂ ਨੂੰ ਭਿੱਜੇ ਤੰਬੂ ਅੰਦਰ ਸੁਲਘਦੀ ਅੱਗ ਦਾ ਧੂਆਂ ਸਿਕਾਉਂਦੀ ਰਾਧੀ ਨੂੰ ਨੇਰ੍ਹੀ ਵਾਂਗ ਨਹੀਂ ਸੀ ਜਿਨਾਂ ਤਿੰਨ ਕੁ ਮੀਲਾਂ ਦੀ ਵਿੱਥ 'ਤੇ ਵੱਸੇ ਕਰਬੇ ਤੋਂ ਠੇਕੇਦਾਰ ਦੇ ਘਰੋਂ 'ਤਨਖਾਹ ' ਲੈ ਕੇ ਆਟਾ-ਦਾਲ ਲੈਣ ਗਏ ਭਈਆਂ ਦਾ ,ਜਿਹੜੇ ਉਦ੍ਹੇ ਬੰਦੇ ਸਮੇਤ ਏਨੀ ਰਾਤ ਗਿਆਂ ਵੀ ਹਾਲੀ ਸ਼ਹਿਰੋਂ ਨਹੀਂ ਸਨ ਪਰਤੇ..

ਲਿਖਤ . ਸਵ.ਲਾਲ ਸਿੰਘ ਦਸੂਹਾ

ਵੱਲੋਂ




ਮਿੰਨੀ ਕਹਾਣੀ

## ਐਨ ਆਰ ਆਈ

ਸਕੂਲ ਵਿੱਚ ਸਲਾਨਾ ਸਮਾਗਮ ਚੱਲ ਰਿਹਾ ਸੀ।ਸਟੇਜ ਸੈਕਟਰੀ ਮੈਡਮ ਜਿੱਥੇ ਮਹਿਮਾਨਾਂ ਨੂੰ ਜੀਅ ਆਇਆਂ ਆਖ ਰਹੀ ਸੀ ਉਥੇ ਐਨੱ.ਆਰ. ਆਈ. ਵੱਲੋਂ ਸਕੂਲ ਨੂੰ ਮਿਲੇ ਸਹਿਯੋਗ ਦੀ ਵਾਰ-ਵਰ ਗੱਲ ਕਰ ਰਹੀ ਸੀ।ਬਾਲਾਂ ਦੀਆਂ ਗੀਤ ਸੰਗੀਤ ਦੀਆਂ ਵੰਨਗੀਆਂ ਦੇ ਵਿੱਚ-ਵਿੱਚ ਬਕਾਇਦਾ ਮਹਿਮਾਨਾਂ ਨੂੰ ਵੀ ਆਪਣੇ ਵਿਚਾਰ ਪ੍ਰਗਟ ਕਰਨ ਦਾ ਸੱਦਾ ਦਿੱਤਾ ਜਾ ਰਿਹਾ ਸੀ।ਸਟੇਜ ਸੈਕਟਰੀ ਮੈਡਮ ਨੇ ਆਖਿਆ, “ਹੁਣ ਮੈਂ ਸੱਦਾ ਦੇ ਰਹੀ ਹਾਂ ਐਨੱ. ਆਰ. ਆਈ.ਸ.ਮੰਗਲ ਸਿੰਘ ਢਿੱਲੋਂ ਨੂੰ ਉਹ ਸਟੇਜ ਤੇ ਆਉਣ ਅਤੇ ਆਪਣੇ ਕੀਮਤੀ ਵਿਚਾਰ ਸਰੋਤਿਆਂ ਨਾਲ ਸਾਂਝੇ ਕਰਨ?”ਮੰਗਲ ਸਿੰਘ ਢਿੱਲੋਂ ਨੇ ਬੜੇ ਗੁੱਸੇ ਨਾਲ ਮਾਈਕ ਫੜ੍ਹਦਿਆਂ ਆਖਿਆ, “ਮੈਨੂੰ ਲੱਗਦਾ ਸਟੇਜ ਸੈਕਟਰੀ ਮੈਡਮ ਨੇ ਪੜ੍ਹ ਲਿਖਕੇ ਜਮਾਤਾਂ ਖੂਹ ਖਾਤੇ ਵਿੱਚ ਪਾ ਦਿੱਤੀਆਂ ਹਨ।ਮੈਂ ਬੋਲਣਾ ਨਹੀਂ ਚਾਹੁੰਦਾ ਸੀ ਪਰ ਇਸ ਦੇ ਤਾਅਨਿਆਂ ਨੇ ਮੈਨੂੰ ਸਟੇਜ ਤੇ ਆਉਣ ਲਈ ਮਜ਼ਬੂਰ ਕਰ ਦਿੱਤਾ ਹੈ।ਮੈਂ ਮੈਡਮ ਅਤੇ ਬਾਕੀ ਲੋਕਾਂ ਨੂੰ ਪੁੱਛਦਾ ਹਾਂ ਜੋ ਸਾਨੂੰ ਵਾਰ-ਵਾਰ ਐਨ. ਆਰ. ਆਈ ਆਖਦੇ ਹਨ ।ਕੀ ਅਸੀਂ ਐਨ. ਆਰ. ਆਈ. ਹਾਂ।ਤੁਹਾਡੇ ਨਾਲੋਂ ਵੱਧ ਆਪਣੇ ਪਿੰਡ ਅਤੇ ਦੇਸ਼ ਨੂੰ ਪਿਆਰ ਕਰ ਰਹੇ ਹਾਂ। ਅਸੀਂ ਆਏ ਸਾਲ ਆਪਣੇ ਦੇਸ਼ ਦੀ ਮਿੱਟੀ ਭਾਵ ਧਰਤੀ ਮਾਂ ਦੇ ਮੋਹ ਪਿਆਰ ਸਦਕਾ ਹੀ ਐਨਾ ਖਰਚ ਕਰਕੇ ਆ ਰਹੇ ਹਾਂ।ਪਿੰਡਾਂ ਦੇ ਸਮਾਜ ਸੇਵੀ ਕੰਮਾਂ ਤੇ ਲੱਖਾਂ ਰੁਪਈਆ ਲਾ ਕੇ ਜਾਂਦੇ ਹਾਂ। ਤੁਸੀਂ ਕੀ ਲਾਉਂਦੇ ਹੋ? ਉਹ ਵੀ ਸਾਰੇ ਜੱਗ ਨੂੰ ਪਤਾ ਹੈ ।ਤੁਹਾਡੇ 'ਚੋਂ ਬਹੁਤੇ ਤਾਂ ਆਪਦੇ ਕੋਲੋਂ ਲਾਉਣ ਦੀ ਬਜਾਏ ਸਾਡੀ ਦਿੱਤੀ ਮਾਇਆ ਨੂੰ ਕੁੰਡੀ ਜ਼ਰੂਰ ਲਾਉਂਦੇ ਨੇ। ਜੇ ਅਸੀਂ ਮਜ਼ਬੂਰੀ ਵਸ ਜਾਂ ਬੇਰੁਜ਼ਗਾਰੀ ਦੇ ਝੰਬੇ ਹੋਏ ਰੁਜ਼ਗਾਰ ਲਈ ਬਾਹਰ ਚਲੇ ਹੀ ਗਏ ਹਾਂ ਤਾਂ ਸਾਡਾ ਪਿੰਡ ਅਤੇ ਦੇਸ਼ ਨਾਲ ਪਿਆਰ ਤਾਂ ਵੇਖੋ। ਦਿਲ 'ਤੇ ਪੱਥਰ ਰੱਖ ਕੇ ਆਪਣਾ ਦੇਸ਼ ਅਤੇ ਪਿੰਡ ਛੱਡ ਹੁੰਦਾ ਹੈ।ਤੁਸੀਂ ਘੜੀ -ਮੁੜੀ ਐਨੱ.ਆਰ.ਆਈ. ਕਹਿਕੇ ਤਾਅਨੇ ਮੇਹਣੇ ਤਾਂ ਨਾ ਮਾਰੋ।ਅਸੀਂ ਵੀ ਏਥੇ ਹੀ ਜੰਮੇ ਪਲੇ ਹਾਂ।ਮੇਰਾ ਗਲ਼ਾ ਭਰ ਆਇਆ ਹੈ ਮੈਂ ਜ਼ਿਆਦਾ ਐਨੀ ਘਟੀਆ ਸਟੇਜ਼ ਤੋਂ ਬੋਲ ਨਹੀਂ ਸਕਦਾ” ਧੰਨਵਾਦ!ਸਭ ਸਰੋਤੇ ਮੰਗਲ ਸਿੰਘ ਢਿੱਲੋਂ ਦਾ ਦੇਸ਼ ਪ੍ਰੇਮ ਵੇਖ ਕੇ ਅੱਸ਼- ਅੱਸ਼ ਕਰ ਉਠੇ ਸਨ। ਇਕ ਦੂਜੇ ਨੂੰ ਆਖ ਰਹੇ ਸਨ, ' ਏਹਨੂੰ ਕਹਿੰਦੇ ਨੇ ਦੇਸ਼ ਪਿਆਰ'।




## ਚਕ ਲਈ ਕਲਮ ਮੈਂ ਦਾਤਾ

ਚਕ ਲਈ ਕਲਮ ਮੈਂ ਦਾਤਾ,
ਮੇਹਰਾਂ ਨੇ ਤੇਰੀਆਂ।
ਗ਼ਲਤ ਹਾਂ ਮਾਫ਼ ਕਰ ਦਿਉ,
ਕਰੀਆਂ ਜੋ ਜੇੜੀਆ।
ਸੋਚ ਕੇ ਕਦਮ ਨੂੰ ਰੱਖਿਆ,
ਵਾਟਾਂ ਲਮੇਰੀਆ।
ਲਈ ਮੈਂ ਓਟ ਗੂਰੁ ਦੀ,
ਆਸਾ ਨੇ ਤੇਰੀਆਂ।
ਹੌਂਸਲਾ ਦਿਲ ਵਿਚ ਮੇਰੇ,
ਰੱਖ ਪਰੇਰੀਆਂ।
ਝੱਤਰਾ ਦੀ ਕ਼ਲਮ ਲਿਖਦੀ,
ਰੇਖਾ ਪਕੇਰੀਆਂ।







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਰੀ ਆਨਲਾਈਨ ਮੈਗਜ਼ੀਨ

ਅੰਕ- 09 ਅਦਬੀ ਵਿਰਾਸਤ 15

538 - 632, ਸਥਾਪਨਾ ਦਸੂਹਾ ,20/07/2026 ਤੋਂ 26/07/2026 ( ਨਾਨਕਸ਼ਾਹੀ ਸੰਮਤ 11 ਸਾਵਣ 558) adbivirsat@gmail.com

## ਭਾਰਤ ਦੇਸ਼ ਮਹਾਨ

ਕਿੱਦਾਂ ਕਹਾਂ ਮੈਂ ਭਾਰਤ ਦੇਸ਼ ਮਹਾਨ
ਰੋਟੀ ਤੋਂ ਆਤੁਰ ਇੱਥੇ
ਕਈ ਕਰੋੜਾਂ ਨੇ ਇਨਸਾਨ ।
ਗੁਰੂਆਂ ਪੀਰਾਂ ਜੋ ਸਾਨੂੰ ਹੈ ਦੱਸਿਆ
ਅਸੀਂ ਅਮਲ ਕਰਨ ਤੋਂ ਪਾਸਾ ਵੱਟਿਆ ।
ਨਾ ਧਰਤੀ ਨੂੰ ਮਾਤਾ ਮੰਨਿਆ
ਨਾ ਹੀ ਪਾਣੀ ਪਿਤਾ ਸਮਾਨ ।
ਚੋਰੀਆਂ ਹੇਰਾਫੇਰੀਆਂ ਤੇ ਕਤਲ ਉਧਾਲੇ
ਕਰੀ ਜਾ ਰਹੇ ਨੇ ਦੇਸ਼ ਦੇ ਹੀ ਰਖਵਾਲੇ।
ਧਰਮ ਦਾ ਬੁਰਕਾ ਪਹਿਣ ਕੇ ਅਸੀਂ ਕੱਟੜ ਬਣੇ ਮਹਾਨ
ਭੇਖ ਅਸੀਂ ਇਨਸਾਨ ਦਾ, ਹੱਦੋਂ ਵੱਧ ਸ਼ੈਤਾਨ।
ਧਰਮ ਦੇ ਨਾਂ ਤੇ ਕਾਵਾਂ ਰੌਲੀ ਪਾ ਰਹੇ
ਵੱਖੋ-ਵੱਖਰੀ ਡੁਗਡੁਗੀ ਵਜਾ ਰਹੇ
ਹਰ ਕੋਈ ਆਖੇ ਮੇਰਾ ਧਰਮ ਮਹਾਨ।
ਡਾਲਰ 100 ਦੇ ਲਾਗੇ ਪੁੱਜਿਆ
ਵਿਸ਼ਵ ਗੁਰੂ ਤੇ ਕਿੱਦਾਂ ਕਰੀਏ ਮਾਣ।
ਜਲ ਜੰਗਲ ਜ਼ਮੀਨ ਤੇ ਕਾਬਜ ਕਾਰਪੋਰੇਟ
ਸੋਨ ਚਿੜੀ ਸੀ ਆਖਦੇ
ਹੋ ਗਿਆ ਮਲੀਆਮੇਟ
ਹਾਕਮ ਸਦਾ ਹੀ ਖੁਸ਼ ਹੈ
ਕਈ ਧੜਿਆਂ ਵਿੱਚ ਵੰਡ
ਕਿਰਤੀ ਨਿਸ ਦਿਨ ਢੋਅ ਰਿਹਾ ਫਿਕਰਾਂ ਵਾਲੀ ਪੰਡ ।
ਫਿਰੇ ਫੁੰਕਾਰੇ ਮਾਰਦਾ ਪੂੰਜੀਵਾਦ
ਲਾਲ ਕਿਲੇ ਤੋਂ ਦੱਸ ਰਹੇ
ਭਾਰਤ ਵਤਨ ਆਜ਼ਾਦ।




## ਮੇਰਾ ਕਲਯੁੱਗੀ ਪੁੱਤਰ

""ਰੱਬ ਨੇ ਬੜੀ ਸੋਹਣੀ ਤੇ ਪਿਆਰੀ ਦੁਨੀਆ ਬਣਾਈ,ਪਰ ਦੁਨੀਆ 'ਚ ਕੁਝ ਅਕ੍ਰਿਤਘਣ ਲੋਕਾਂ ਨੇ ਇਸ ਦੁਨੀਆ ਵਿੱਚ ਅੰਮ੍ਰਿਤ ਚ ਜ਼ਹਿਰ ਘੋਲਣ ਵਾਲਾ ਕੰਮ ਕੀਤਾ। ਇਸ ਸੰਸਾਰ ਵਿੱਚ ਹਮੇਸ਼ਾ ਇਹ ਅਸੂਲ ਰਿਹਾ ਹੈ, ਕਿ ਜਿਹੋ ਜਿਹਾ ਬੀਜ ਬੀਜੋਗੇ ਉਹੋ ਜਿਹਾ ਫਲ ਪਾਉਗੇ।ਪਰ ਲੋਕੀ ਇਹਨਾ ਗੱਲ੍ਹਾਂ ਤੋਂ ਕਤਰਾਉਂਦੇ ਨੇ ਪਰ ਉਹ ਇਹ ਨੀ ਸਮਝਦੇ ਕਿ ਉਹ ਵੀ ਇਨਸਾਨ ਨੇ ਭਗਵਾਨ ਨਹੀ।ਇਕ ਇਹੋ ਜਿਹੀ ਕਹਾਣੀ ਜਿਸ ਨੂੰ ਬੇਰਿਹਮ ਲੋਕਾਂ ਨੇ ਆਪ ਹੀ ਜਨਮ ਦਿੱਤਾ ਤੇ ਆਪਣੇ ਹੀ ਸਕੇ ਸਬੰਧੀਆ ਨਾਲ ਮਾੜਾ ਵਰਤੀਰਾ ਕੀਤਾ। ਸੋ ਸਿਆਣੇ ਕਹਿੰਦੇ ਹਨ ਕਿ ਮਾੜੇ ਲੋਕਾਂ ਨੂੰ ਰੱਬ ਵੀ ਮਾਫ ਨਹੀ ਕਰਦਾ, ਸਵਰਗ ਨਰਕ ਜਿਉਂਦੇ ਜੀਅ ਇਸ ਦੁਨੀਆ ਤੇ ਇਥੇ ਹੀ ਭੋਗਣਾ ਪੈਂਦਾ ਹੈ,ਇਹ ਕਹਾਣੀ ਹੈ ਸਰਦਾਰ ਚਾਨਣ ਸਿੰਘ ਦੀ ਜੋ ਆਪਣੇ ਬੱਚਿਆ ਨੂੰ ਰੱਬ ਨਾਲੋ ਵੀ ਜਿਆਦਾ ਮੋਹ ਕਰਦਾ ਸੀ। ਚਾਨਣ ਸਿੰਘ ਦੇ ਘਰ ਉਸਦੀ ਘਰਵਾਲੀ ਦਰਸ਼ਨ ਕੌਰ,ਇਕ ਪੁੱਤਰ ਸਤਨਾਮ ਸਿੰਘ ਤੇ ਧੀ ਸੀਤੋ ਰਹਿੰਦੇ ਸੀ।""

ਅੱਜ ਚਾਨਣ ਸਿੰਘ ਦੇ ਘਰ ਬਹੁਤ ਸਮੇਂ ਪਿੱਛੋਂ ਖੁਸ਼ੀ ਦਾ ਦਿਨ ਆਇਆ,ਸਾਰਾ ਟੱਬਰ ਖੁਸ਼ੀ ਦੇ ਮਾਰੇ ਧੈਲਾ ਪਾ ਰਿਹਾ ਸੀ,ਅੱਜ ਚਾਨਣ ਸਿੰਘ ਦੇ ਘਰ ਰੱਬ ਨੇ ਪੂਰੇ ਪੰਦਰਾਂ ਸਾਲ ਬਾਅਦ ਪੁੱਤ ਦੀ ਦਾਤ ਬਖਸ਼ੀ ਸੀ ।ਇਸ ਤੋ ਪਹਿਲਾਂ ਚਾਨਣ ਸਿੰਘ ਦੇ ਘਰ ਧੀ ਨੇ ਜਨਮ ਲਿਆ ਸੀ,ਪਰ ਅੱਜ ਚਾਨਣ ਸਿੰਘ ਦੇ ਖੁਸ਼ੀ ਦਾ ਕੋਈ ਟਿਕਾਣਾ ਨਹੀ ਸੀ। ਕਿਤੇ ਵਜੋਂ ਚਾਨਣ ਸਿੰਘ ਜ਼ਿਮੀਂਦਾਰ ਸੀ ਤੇ ਆਪਣੇ ਖੇਤਾਂ ਵਿੱਚ ਹੀ ਓਸ ਦਾ ਸਾਰਾ ਜੀਵਨ ਬੀਤਿਆ ਸੁਭਾਅ ਵਜੋਂ ਬਹੁਤ ਹੀ ਮਿੱਠਾ ,ਨੇਕ ਤੇ ਇਮਾਨਦਾਰ ਵਿਅਕਤੀ ਸੀ।

ਸਮਾਂ ਅਪਣੀ ਚਾਲ ਚੱਲਦਾ ਗਿਆ,ਸਮੇਂ ਦੇ ਨਾਲ ਨਾਲ ਬੱਚੇ ਵੱਡੇ ਹੁੰਦੇ ਗਏ,ਘਰਦਿਆਂ ਨੇ ਸੱਤ ਕੁ ਜਮਾਤਾਂ ਪਾਸ ਕਰ ਘਰ ਦੀ ਵੱਡੀ ਕੁੜੀ ਸੀਤੋ ਨੂੰ ਘਰ ਦੇ ਕੰਮਕਾਜ 'ਚ ਹੀ ਹੱਥ ਵਟਾਉਣ ਲਗਾ ਲਿਆ। ਸਤਨਾਮ ਵੀ ਸਕੂਲ ਵਿੱਚ ਕੱਚੀ ਪਹਿਲੀ ਪਾਸ ਕਰ ਅਸਲ ਪਹਿਲੀ ਵਿਚ ਹੋਇਆ ਸੀ। ਘਰਦਿਆਂ ਦਾ ਖ਼ਿਆਲ ਸੀ ਕਿ ਕੁੜੀ ਨੂੰ ਉਸ ਦੇ ਘਰ ਤੋਰ ਕੇ ਆਪਣੇ ਪੁੱਤਰ ਨਾਲ ਅਪਣੀ ਰਹਿੰਦੀ ਜ਼ਿੰਦਗੀ ਆਰਾਮ ਨਾਲ ਬਤੀਤ ਕਰਨਗੇ। ਤਿੰਨ ਚਾਰ ਵਰ੍ਹਿਆਂ ਬਾਅਦ ਸੀਤੋ ਦੀ ਕਿਸਮਤ ਚਮਕੀ ਤੇ ਬਿਨਾ ਲੈਣ ਦੇਣ ਦੇ ਸੀਤੋ ਦਾ ਵਿਆਹ ਵਧੀਆ ਘਰ ਹੋ ਗਿਆ,ਸੀਤੋ ਅਪਣੇ ਘਰ ਬਹੁਤ ਖੁਸ਼ ਸੀ,ਚਾਨਣ ਸਿੰਘ ਦੇ ਮੋਢਿਆਂ ਤੋਂ ਥੋੜਾ ਭਾਰ ਜਰੂਰ ਹੌਲਾ ਹੋ ਗਿਆ ਸੀ। ਸਤਨਾਮ ਵੀ ਜਵਾਨੀ ਦੀਆ ਪੌੜਾਂ ਵਿਚ ਪੈ ਗਿਆ ਸੀ।

ਸਤਨਾਮ ਨੇ ਜਦ ਦਸ ਕੁ ਜਮਾਤਾਂ ਪੂਰੀਆ ਕਰ ਨੌਕਰੀ ਲਈ ਅਰਜ਼ੀ ਦਿੱਤੀ ਤਾਂ ਕੁਝ ਕੇ ਚਿਰ ਬਾਅਦ ਉਸ ਦੀ ਸਰਕਾਰੀ ਨੌਕਰੀ ਲਗ ਗਈ ਤੇ ਸੁਖ ਨਾਲ ਚੰਗੇ ਪੈਸੇ ਧੇਲੇ ਕਮਾਉਣ ਜੋਗਾ ਹੋ ਗਿਆ। ਚਾਨਣ ਸਿੰਘ ਵੀ ਬਿਰਧ ਅਵਸਥਾ ਵਿੱਚ ਹੋਵਣ ਕਰ ਕੇ ਵੱਟ ਬੰਨ੍ਹੇ ਵਾਲਾ ਕੰਮ ਨਹੀਂ ਕਰ ਪਾ ਰਿਹਾ ਸੀ,ਇਸ ਲਈ ਉਸ ਨੇ ਆਪਣੀ ਜ਼ਮੀਨ ਆਪਣੇ ਪਿੰਡ ਦੇ ਬਖਸ਼ੀਸ਼ ਨੂੰ ਅੱਧ ਤੇ ਦੇ ਦਿੱਤੀ। ਬਖਸ਼ੀਸ਼ ਚਾਨਣ ਦਾ ਸੱਜਣ ਮਿੱਤਰ ਸੀ ਤੇ ਉਹ ਸਮੇਂ ਸਮੇਂ ਬਣਦਾ ਅੱਧ ਦੇ ਜਾਂਦਾ ਸੀ,ਬਖਸ਼ੀਸ਼ ਸਿੰਘ ਨੇ ਹੀ ਸਤਨਾਮ ਦੇ ਵਿਆਹ ਦੀ ਦਸ ਪਾਈ ਸੀ।

ਸਤਨਾਮ ਦਾ ਵਿਆਹ ਪੂਰੇ ਰੀਤੀ ਰਿਵਾਜ਼ਾਂ ਨਾਲ ਸਾਰਿਆ ਦੀ ਸਹਿਮਤੀ ਨਾਲ ਹੋ ਗਿਆ, ਸਤਨਾਮ ਦੀ ਘਰਦੀ ਸ਼ਹਿਰ ਦੀ ਪੜ੍ਹੀ ਲਿਖੀ ਕੁੜੀ ਸੀ।ਵਿਆਹ ਦੇ ਪੰਜ ਸੱਤ ਸਾਲ ਤਾ ਬਹੁਤ ਆਰਾਮ ਨਾਲ ਤੇ ਵਧੀਆ ਗੁਜਰ ਗਏ।ਪਰ ਜਦੋਂ ਇਨਸਾਨ ਬਿਰਧ ਅਵਸਥਾ ਦੀ ਚੋਟੀ ਤੇ ਹੋ ਜਾਂਦਾ ਤੇ ਕੰਮ ਕਾਜ ਕਰਨ ਜੋਗਾ ਨਹੀਂ ਰਹਿੰਦਾ ਤਾਂ ਸਭ ਨੂੰ ਅੱਖਾਂ ਚ ਚੁਭਣ ਲੱਗ ਜਾਂਦਾ।ਸਤਨਾਮ ਦੀ ਘਰਦੀ ਨੂੰ ਦੋ ਜੀਆ ਦੀ ਰੋਟੀ ਬੋਝ ਲੱਗ ਰਹੀ ਸੀ ਤਾਂ ਘਰ ਵਿੱਚ ਦੋਹਾਂ ਦੀ ਲੜ੍ਹਾਈ ਰਹਿੰਦੀ ਸੀ,ਸੀਤੋ ਦਾ ਵੀ ਵਾਰ ਵਾਰ ਅਪਣੇ ਭਰਾ ਨੂੰ ਮਾਂ ਬਾਪ ਦੀ ਸੇਵਾ ਕਰਣ ਨੂੰ ਕਹਿਣਾ ਸਤਨਾਮ ਦੀ ਘਰਦੀ ਨੂੰ ਪਸੰਦ ਨੀ ਸੀ।ਇਕ ਦਿਨ ਘਰ ਵਾਲੀ ਦੀਆ ਗੱਲ੍ਹਾਂ 'ਚ ਆ ਕੇ ਸਤਨਾਮ ਨੇ ਆਪਣੇ ਮਾਂ ਬਾਪ ਨੂੰ ਬਹੁਤ ਬੁਰਾ ਭਲਾ ਕਿਹਾ।ਇਸ ਗੱਲ ਤੋਂ ਦੁਖੀ ਤੇ ਨਿਰਾਸ਼ ਹੋ ਕੇ ਚਾਨਣ ਤੇ ਉਸਦੀ ਘਰਵਾਲੀ ਦਰਸ਼ਨੋ ਆਪਣੀ ਧੀ ਸੀਤੋ ਕੋਲ ਚਲੇ ਗਏ। ਕੁੱਝ ਕੇ ਦਿਨ ਰਹਿ ਕੇ ਚਾਨਣ ਤੇ ਉਸਦੀ ਘਰਦੀ ਆਪਣੇ ਪਿੰਡ ਬਾਹਰ ਵਾਲੀ ਫਿਰਨੀ 'ਚ ਰਹਿਣ ਲੱਗ ਗਏ।

ਚਾਨਣ ਆਪਣੇ ਖੇਤ 'ਚ ਟਾਹਲੀ ਦੀ ਛਾਵੇਂ ਮੰਜੀ ਡਾਹ ਕੇ ਲੰਮਾ ਪਿਆ ਸੀ, ਤਾਂ ਉਸ ਨੂੰ ਪੰਮੇ ਦੀ ਯਾਦ ਆਈ। ਪੰਮਾ ਚਾਨਣ ਦੀ ਭੈਣ ਰਤਨੋ ਦਾ ਪੁੱਤ ਸੀ,ਜੋ ਪਿੰਡ ਛੱਡ ਕੇ ਮੁੰਬਈ ਰਹਿਣ ਲੱਗ ਪਏ ਸਨ। ਉਸ ਨੇ ਆਪਣੀ ਭੈਣ ਰਤਨੋ ਨੂੰ ਚਿੱਠੀ ਲਿਖੀ ਤੇ ਆਪਣੀ ਹੱਡ ਬੀਤੀ ਬਿਆਨ ਕੀਤੀ। ਰਤਨੋ ਨੇ ਜਵਾਬ 'ਚ ਸੁਨੇਹਾ ਭੇਜਿਆ ਕੇ ਤੁਸੀ ਪੈਸੇ ਧੇਲੇ ਦੀ ਫ਼ਿਕਰ ਆਪਣੇ ਮਨ ਚੋਂ ਕੱਢ ਦਿਓ ਉਹ ਦਾਲ ਫੁਲਕੇ ਲਈ ਪੈਸੇ ਭੇਜ ਦਿਆ ਕਰਨ ਗਏ। ਇਹਨੇ ਨਾਲ ਚਾਨਣ ਨੂੰ ਹੌਸਲਾ ਹੋਇਆ,ਪਰ ਉਹ ਇਹ ਸੱਭ ਕੁਝ ਦੁੱਖ ਤਕਲੀਫ਼ ਆਪਣੀ ਧੀ ਨੂੰ ਨਹੀਂ ਦੱਸਣਾ ਚੁਹੰਦਾ ਸੀ।ਦੂਜੇ ਪਾਸੇ ਸਤਨਾਮ ਦੇ ਘਰ ਮੁੰਡਾ ਹੋਇਆ ਜਿਸ ਦਾ ਨਾਮ ਕੇਸ਼ਵ ਰੱਖਿਆ। ਦਾਦੇ ਦਾਦੀ ਨੂੰ ਪੋਤਾ ਦੇਖਣ ਦਾ ਬਹੁਤ ਚਾਅ ਸੀ,ਉਹ ਕਦੇ ਕਦੇ ਫਿਰਨੀ ਤੋਂ ਘਰ ਆਉਂਦੇ ਤਾਂ ਉਸ ਨੂੰ ਦੇਖ ਕੇ ਕੁਝ ਸਮਾ ਉਸ ਨਾਲ ਲਾਡ ਕਰ ਚਲੇ ਜਾਂਦੇ।ਸਤਨਾਮ ਨੇ ਇਕ ਦਿਨ ਚਲਾਕੀ ਨਾਲ ਆਪਣੇ ਬਾਪ ਨੂੰ ਆਪਣੀਆਂ ਗਲ੍ਹਾਂ 'ਚ ਲੈ ਕੇ ਜ਼ਮੀਨ ਦੇ ਕਾਗਜ਼ਾਤ ਤੇ ਚਾਨਣ ਦਾ ਅੰਗੂਠਾ ਲਗਾ ਲਿਆ।ਪਰ ਜਦ ਤੱਕ ਸੀਤੋ ਨੂੰ ਪਤਾ ਲੱਗਾ ਓਹਨੇ ਆਪਣੇ ਭਰਾ ਨੂੰ ਬਹੁਤ ਵਰਜਿਆ ਪਰ ਉਹ ਆਪਣਾ ਕੰਮ ਕਰ ਚੁੱਕਾ ਸੀ,ਸੀਤੋ ਵੀ ਉਹਥੇ ਕੁਝ ਨਹੀਂ ਕਰ ਸਕਦੀ ਸੀ। ਚਾਨਣ ਇਹ ਧੋਖਾਧੜੀ ਸਹਿਣ ਨਹੀਂ ਕਰ ਸਕਿਆ, ਉਹ ਇਹੀ ਸੋਚਦਾ ਸੋਚਦਾ ਆਪਣੇ ਸਵਾਸ ਛੱਡ ਗਿਆ ਕੇ ਜੇ ਇਹ ਆਪਣੇ ਪੁੱਤ ਦੇ ਫ਼ਰਜ਼ ਪੂਰੇ ਕਰਦਾ ਤਾ ਜ਼ਮੀਨ ਮੈਂ ਆਪ ਹੀ ਇਸ ਦੇ ਨਾਮ ਕਰ ਜਾਂਦਾ,ਆਖਰੀ ਸ਼ਬਦ ਚਾਨਣ ਸਿੰਘ ਦੇ ਸੀ ਕਿ ਰੱਬ ਚਾਹੇ ਧੀ ਦੇ ਦੇ ਪਰ ਇਹਦਾ ਦਾ ਪੁੱਤ ਨਾ ਦੇਵੇ।

ਚਾਨਣ ਦੀ ਮੌਤ ਤੋਂ ਬਾਅਦ ਸਤਨਾਮ ਆਪਣੀ ਮਾਂ ਨੂੰ ਘਰ ਲੈ ਆਇਆ।ਕੇਸ਼ਵ ਨੂੰ ਆਪਣੇ ਦਾਦਾ ਦਾਦੀ ਨਾਲ ਬਹੁਤ ਪਿਆਰ ਸੀ ਪਰ ਆਪਣੀ ਮਾਂ ਦੇ ਡਰ ਅੱਗੇ ਉਸ ਦੀ ਇਕ ਨਾ ਚੱਲੀ,ਚਾਨਣ ਵੀ ਆਪਣੇ ਨੂੰਹ ਪੁੱਤ ,ਪੋਤੇ ਪੋਤੀਆ ਦੇ ਪਿਆਰ ਨੂੰ ਤਰਸਦਾ ਹੀ ਚਲਾ ਗਿਆ।ਦਰਸ਼ਨੋ ਘਰ ਦਾ ਸਾਰਾ ਕੰਮ ਕਰਦੀ ਉਸ ਦੀ ਨੂੰਹ ਨੂੰ ਕਿਸੇ ਕੰਮਵਾਲੀ ਤੋਂ ਘਟ ਨਹੀ ਜਾਪਦੀ ਸੀ,ਨਾ ਦੋ ਟਾਈਮ ਦੀ ਰੋਟੀ ਰੜਕ ਰਹੀ ਸੀ, ਤੇ ਨਾ ਕੰਮ ਕਰਦੀ ਕੋਈ ਬੋਝ ਲੱਗ ਰਹੀ ਸੀ।ਪਰ ਬਿਰਧ ਸਰੀਰ ਕਦ ਤੱਕ ਸਾਥ ਦਿੰਦਾ।,ਓਹਨਾ ਦਾ ਕੰਮ ਕਰਦੇ ਕਰਦੇ ਇਕ ਦਿਨ ਦਰਸ਼ਨੋ ਵੀ ਗੁਰੂ ਮਹਾਰਾਜ ਦੇ ਚਰਨਾਂ 'ਚ ਬਿਰਾਜਮਾਨ ਹੋ ਗਈ,ਅਸਲ ਸੱਚਾਈ ਵੀ ਇਹੀ ਹੈ, ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥

ਸਤਨਾਮ ਦਾ ਪੁੱਤਰ ਕੇਸ਼ਵ,ਜੋ ਚੰਡੀਗੜ੍ਹ ਵਿੱਚ ਪੜ੍ਹਾਈ ਲਈ ਗਿਆ ਸੀ,ਉੱਥੇ ਮਾੜੀ ਸੰਗਤ ਦਾ ਸ਼ਿਕਾਰ ਹੋ ਗਿਆ,ਨਸ਼ਾ ਪਲ ਪਲ ਦੀ ਖ਼ੁਰਾਕ ਬਣ ਬੈਠਾ,ਇਕੋ ਇਕ ਭੁੱਖ ਸਰੀਰ ਦੀ ਤੋਹੜ੍ਹ ਸੀ ਉਹ ਨਸ਼ਾ।ਉਹ ਨਸ਼ੇ ਨੂੰ ਖ਼੍ਰੀਦਣ ਲਈ ਘਰਦਿਆਂ ਤੋਂ ਚੋਰੀ ਸਮਾਨ ਚੁੱਕ ਚੁੱਕ ਵੇਚ ਦਿੰਦਾ,ਸਮੇਂ ਨੇ ਆਪਣਾ ਪਾਸਾ ਪਲਟਿਆ ਸਤਨਾਮ ਵੀ ਨੌਕਰੀ ਤੋਂ ਸੇਵਾ ਮੁਕਤ ਹੋ ਕੇ ਪੈਨਸ਼ਨ ਤੇ ਘਰ ਆ ਗਿਆ ਸੀ।

ਕੇਸ਼ਵ ਕੋਲ ਨਸ਼ੇ ਦੀ ਪੂਰਤੀ ਲਈ ਪੈਸੇ ਨਾ ਹੋਣ ਕਰਕੇ ਆਪਣੇ ਪਿਉ ਨਾਲ ਗਾਲੋ ਗਾਲੀ ਹੋਇਆ,ਤੇ ਉਸ ਨੇ ਆਪਣੇ ਪਿਉ ਦੇ ਗਲੇ ਤੇ ਕਿਰਪਾਨ ਰੱਖ ਕੇ ਉਸ ਦੇ ਦਸਤਖ਼ਤ ਜ਼ਮੀਨ ਦੇ ਕਾਗਜ਼ਾਤ ਤੇ ਕਰਵਾ ਲਏ ਤਾਂ ਸਤਨਾਮ ਨੂੰ ਭੁੰਜੇ ਚਕ ਮਾਰਿਆ,ਜ਼ਮੀਨ ਤੇ ਡਿੱਗੇ ਸਤਨਾਮ ਦੀਆ ਅੱਖਾਂ ਅੱਗੇ ਚਾਨਣ ਦਾ ਚਿਹਰਾ ਕੇਸ਼ਵ ਵਿੱਚੋ ਦਿਖਾਈ ਦਿੱਤਾ,ਤੇ ਅੱਜ ਤੋਂ ਕੁੱਝ ਕੁ ਸਾਲ ਪਹਿਲਾ ਜਿਵੇਂ ਸਤਨਾਮ ਨੇ ਚਾਨਣ ਨਾਲ ਕੀਤਾ ਸੀ, ਉਹੀ ਕੁਝ ਅੱਜ ਉਹਦੇ ਨਾਲ ਬੀਤ ਰਿਹਾ ਸੀ।" ਜਿਹੋ ਜਿਹਾ ਮੂੰਹ ਉਹੋ ਜਹੀ ਚੁਪੇੜ". ਕੇਸ਼ਵ ਨੇ ਹੋਲੀ ਹੋਲੀ ਸਾਰੀ ਜ਼ਮੀਨ ਨਸ਼ੇ ' ਖਾ ਕੇ ਖਤਮ ਕਰ ਦਿੱਤੀ। ਸਤਨਾਮ ਨੂੰ ਦਿਨੋ ਦਿਨ ਆਪਣੇ ਮਾਂ ਪਿਉ ਦਾ ਚਿਹਰਾ ਉਸ ਦੇ ਅੱਖਾਂ ਅੱਗੇ ਘੁੰਮਦਾ ਦਿਸਦਾ।ਅੱਜ ਉਹਨੂੰ ਆਪਣੇ ਮਾਂ ਪਿਉ ਦੀ ਕਮੀ ਖਲ ਰਹੀ ਸੀ,ਪਰ ਪਰਮਾਤਮਾ ਦੇ ਘਰ ਦੇਰ ਆ ਅੰਦੇਰ ਨੀ।ਅੱਜ ਸਤਨਾਮ ਕੋਲ ਜ਼ਮੀਨ ਦਾ ਇੱਕ ਟੁੱਕੜਾ ਵੀ ਨਹੀਂ ਸੀ ਬਚਿਆ,ਕੇਸ਼ਵ ਨੇ ਉਸ ਨੂੰ ਪੂਰੀ ਤਰ੍ਹਾਂ ਕੰਗਾਲ ਕਰ ਛੱਡਿਆ।ਇਹ ਨਸ਼ਾ ਤਾ ਚੰਗੇ ਭਲੇ ਘਰ ਉਜਾੜ ਕੇ ਹੀ ਸਾਹ ਲੈਂਦਾ ਏ। ਸਤਨਾਮ ਤੇ ਉਸਦੀ ਘਰਦੀ ਅੱਜ ਆਪ ਬਿਰਧ ਅਵਸਥਾ ਵਿੱਚ ਆ ਗਏ ਸੀ, ਉਹਨਾਂ ਨੂੰ ਅੱਜ ਕੇਸ਼ਵ ਦੀ ਲੋੜ੍ਹ ਸੀ,ਪਰ ਸਤਨਾਮ ਤੇ ਉਸਦੀ ਘਰਵਾਲੀ ਨੇ ਆਪ ਨੀ ਆਪਣੇ ਬਜ਼ੁਰਗਾਂ ਦਾ ਕਦੇ ਹਾਲ ਪੁੱਛਿਆ ਤਾਂ ਕੇਸ਼ਵ ਤੋਂ ਸੇਵਾ ਦੀ ਕੀ ਆਸ ਕਰਦੇ।ਜਦੋਂ ਕੇਸ਼ਵ ਸਤਨਾਮ ਨੂੰ ਗਾਲ੍ਹਾਂ ਕੱਢਦਾ ਤਾਂ ਉਸ ਨੂੰ ਆਪਣੇ ਪਿਉ ਚਾਨਣ ਸਿੰਘ ਦੀ ਯਾਦ ਆਉਂਦੀ।ਉਹ ਬਹੁਤ ਪਛਤਾਉਂਦਾ ਜਦ ਉਸ ਨੂੰ ਆਪਣੀ ਕੀਤੀ ਯਾਦ ਆਉਂਦੀ।

ਸਤਨਾਮ ਰੋਂਦਾ ਰੋਂਦਾ ਭੱਜਿਆ ਜਾ ਰਿਹਾ ਸੀ ਉਹ ਉੱਚੀ ਉੱਚੀ ਕਦੇ ਆਪਣੀ ਘਰਵਾਲੀ ਨੂੰ ਕੋਸਦਾ ਤੇ ਕਦੇ ਆਪਣੇ ਆਪ ਨੂੰ ਕਹਿ ਰਿਹਾ ਸੀ,ਜਿਵੇਂ ਮੈਂ ਕੀਤੀ ਮੇਰੇ ਪੁੱਤ ਨੇ ਮੇਰੇ ਨਾਲ ਓਹੀ ਕੀਤੀ,ਮੈਂ ਆਪਣੇ ਮਾਂ ਪਿਉ ਦਾ ਗੁਨੇਗਾਰ ਹਾਂ,ਜਿਵੇਂ ਮੈਂ ਉਹਨਾਂ ਨੂੰ ਘਰੋਂ ਕੱਢਿਆ ਮੈਨੂੰ ਵੀ ਉਸੇ ਤਰ੍ਹਾਂ ਘਰੋਂ ਕੱਢਿਆ ਗਿਆ,ਮੇਰੇ ਪੁੱਤ ਨੇ ਮੈਨੂੰ ਦਸਤਾ ਕਿ ਮੈਂ ਮਹਾਂ ਪਾਪੀ ਹਾਂ।ਅੱਜ ਸਤਨਾਮ ਨੇ ਰੱਬ ਨੂੰ ਇਹ ਅਰਦਾਸ ਕੀਤੀ ਕਿ ਮੇਰੇ ਜਿਹਾ ਰੱਬ ਪੁੱਤ ਕਿਸੇ ਨੂੰ ਨਾ ਦੇਵੇ। ਉਸ ਨਾਲੋਂ ਬੇ ਔਲਾਦ ਹੋਣਾ ਹੀ ਚੰਗਾ। ਇਹਨੀਂ ਗੱਲ ਆਖ ਕੇ ਸਤਨਾਮ ਨੇ ਲਾਗਲੇ ਖੂਹ 'ਚ ਛਲਾਂਗ ਮਾਰ ਦਿੱਤੀ।ਅੱਜ ਸਤਨਾਮ ਵੀ ਆਆਪਣੇ ਪੁੱਤ ਦੇ ਪਿਆਰ ਨੂੰ ਤਰਸਦਾ ਮਰ ਗਿਆ, ਜਿਵੇਂ ਚਾਨਣ ਸਿੰਘ ਆਪਣੇ ਪੁੱਤ ਦੇ ਪਿਆਰ ਨੂੰ ਤਰਸਦਾ ਮਰ ਗਿਆ ਸੀ।........ ਗੁਰਬਾਣੀ 'ਚ ਵੀ ਇਹੀ ਗਿਆਨ ਦਿੰਦੀ ਹੈ

""ਜਿਹੋ ਜਿਹਾ ਬੀਜੋਗੇ"
""ਉਹੋ ਜਿਹਾ ਫਲ ਪਾਉਗੇ "।




## ਜਵਾਬ ਮੰਗਦੇ ਹਨ

ਨੀਟ ਪੇਪਰ ਹੋਏ ਲੀਕ ਤੋਂ ਡਰਕੇ,
ਖੁਦਕੁਸ਼ੀ ਦੀਆਂ ਖਬਰਾਂ ਪੜ੍ਹਕੇ,
ਸ਼ਾਂਤਮਈ ਪ੍ਰਦਰਸ਼ਨ ਕਰਕੇ ,
ਵਰਦੀਧਾਰੀ ਤੇ ਗੈਰ ਵਰਦੀਧਾਰੀ ਗੁੰਡਿਆਂ ਦੀਆਂ ਡਾਂਗਾ ਖਾਂਦੇ,
ਇਨਸਾਫ਼ ਦੀ ਅਰਥੀ ਚੁੱਕੀ ਜਾਂਦੇ,
ਬੱਚੇ ਬੇਸ਼ਰਮ ਮੰਤਰੀਆਂ ਤੋਂ ਜਵਾਬ ਮੰਗਦੇ ਹਨ।

12 ਸਾਲ 84 ਵਾਰੀਂ,
ਦੇਸ਼ ਦੇ ਅੰਦਰ ਪੇਪਰ ਖੁੱਲ ਗਏ ,
ਸਾਲ ਮਹੀਨੇ ਮਿਹਨਤ ਕਰਦੇ,
ਬੱਚਿਆਂ ਦੇ ਭਵਿੱਖ ਰੁੜੀਆਂ ਰੁੱਲ ਗਏ,
ਸੈਂਕੜੇ ਬੱਚੇ ਖੁਦਕੁਸ਼ੀਆਂ ਕਰ ਗਏ,
26 ਇਕੱਲੇ ਇਸ ਸਾਲ ਮਰ ਗਏ।
ਪ੍ਰਵਾਰਾਂ ਦੇ ਕਰੋੜਾਂ ਰੁਪਏ ਡੁੱਬ ਗਏ,
ਆਸਾਂ ਤੇ ਅਰਮਾਨ ਡੁੱਬ ਗਏ,
ਲਾਲਚ ਭਰੇ ਤੂਫ਼ਾਨ ਦੇ ਅੰਦਰ,
ਕੁੱਲ ਜਹਾਨ ਅਸਮਾਨ ਡੁੱਬ ਗਏ।
ਢੀਠ ਹੋਏ ਬੇਸ਼ਰਮ ਮੰਤਰੀਆਂ ਤੋਂ,
ਬੇਵਸ ਮਾਪੇ ਜਵਾਬ ਮੰਗਦੇ ਹਨ।

ਨਵਾਂ ਰਾਖਸ਼ ਕੁਰਸੀ ਬਿਠਾ ਕੇ,
ਸਾਦੇ ਕੱਪੜੇ ਗੁੰਡੇ ਬੁਲਾ ਕੇ,
ਪੱਥਰਾਂ ਭਰੇ ਕਈ ਟਰੱਕ ਖੜ੍ਹਾ ਕੇ,
ਆਪੇ ਗੱਡੀਆਂ ਭੰਨ ਉਲਟਾ ਕੇ,
ਗੋਦੀ ਮੀਡੀਆ ਚੁੱਪ ਕਰਾ ਕੇ,
ਕੰਜਕਾਂ ਕੁੜੀਆਂ ਦੀ ਬੇਪਤੀ ਕਰਾ ਕੇ,
ਨਿਹਥਿਆਂ ਉੱਤੇ ਲਾਠੀਆਂ ਬਰਸਾ ਕੇ ਕੀਤੇ,
ਨੰਗੇ ਹਿੰਸਕ ਨਾਚ ਦਾ ਲੇਕ,
ਬੇਸ਼ਰਮ ਸਰਕਾਰ ਤੋਂ ਜਵਾਬ ਮੰਗਦੇ ਹਨ।

ਕੁੱਤਿਆਂ ਬਿੱਲੀਆਂ ਲਈ ਫਿਕਰ ਜਤਾਉਂਦੀ,
ਭ੍ਰਿਸ਼ਟਾਚਾਰ ਤੋਂ ਅੱਖ ਬਚਾਉਂਦੀ,
ਵੋਟ ਚੋਰੀ ਉੱਤੇ ਮੋਹਰਾਂ ਲਾਉਂਦੀ,
ਬੇਰੁਜ਼ਗਾਰਾਂ ਕਾਕਰੋਚ ਫੁਰਮਾਉਂਦੀ,
ਆਪਣੇ ਆਪ ਨੂੰ ਨਿਰਪੱਖ ਕਹਾਉਂਦੀ,
ਨਿਆਂ ਪਾਲਕਾ ਦੇ ਨੱਕ ਦੇ ਨੀਚੇ ਹੋਏ ,
ਹਕੂਮਤੀ ਜ਼ੁਲਮ ਤੋਂ ਮੂੰਹ ਘੁਮਾਉਂਦੀ,
ਭੇਤ ਭਰੀ ਚੁੱਪ ਦਾ,
ਭੱਕੂਮਾਜਰਾ ਪੀੜਤ ਜਵਾਬ ਮੰਗਦੇ ਹਨ।




## ਹੱਸਕੇ ਦਿਖਾ ਸੋਹਣੀਏ

ਮੂੰਹ ਉੱਤੋਂ ਗੁੱਸਾ ਤੂੰ ਗਵਾ ਸੋਹਣੀਏ
ਇੱਕ ਵਾਰੀ ਹੱਸਕੇ ਦਿਖਾ ਸੋਹਣੀਏ

ਤੇਰੇ ਉੱਤੋਂ ਦੇਣੀ ਅਸੀਂ ਜਿੰਦ ਜਾਨ ਵਾਰ ਨੀ
ਤੇਰੇ ਨਾਲ ਇੰਨਾ ਅਸੀਂ ਕਰਦੇ ਪਿਆਰ ਨੀ
ਨੈਣਾ ਨਾਲ ਨੈਣ ਤੂੰ ਮਿਲਾ ਸੋਹਣੀਏ
ਇੱਕ ਵਾਰੀ ਹੱਸਕੇ ਦਿਖਾ ਸੋਹਣੀਏ

ਕਿਹੜੀ ਗੱਲੋਂ ਸਾਡੇ ਕੋਲੋਂ ਦੂਰ ਦੂਰ ਰਹਿਨੀ ਏ
ਬੁੱਲ੍ਹਾਂ ਉੱਤੇ ਤਾਲਾ, ਕੁੱਝ ਵੀ ਨਾ ਕਹਿਨੀ ਏ
ਗੁੱਸਾ ਗਿਲਾ ਸਾਰਾ ਤੂੰ ਮਿਟਾ ਸੋਹਣੀਏ
ਇੱਕ ਵਾਰੀ ਹੱਸਕੇ ਦਿਖਾ ਸੋਹਣੀਏ

ਸਾਡੇ ਤੋਂ ਬਗੈਰ ਕਿਸੇ ਤੇਰੇ ਨਖ਼ਰੇ ਨੀ ਝੱਲਣੇ
ਸਾਡੇ ਵਾਂਗੂ ਰਾਹ ਤੇਰੇ ਕਿਸੇ ਨੇ ਨੀ ਮੱਲਣੇ
ਕੋਰੇ ਕਾਗਜ਼ ਤੇ ਭਾਵੇਂ ਤੂੰ ਲਿਖਾ ਸੋਹਣੀਏ
ਇੱਕ ਵਾਰੀ ਹੱਸਕੇ ਦਿਖਾ ਸੋਹਣੀਏ

ਹਾੜੇ ਕੱਢਦਾ ਏ ਕੁੱਲੀਆਂ ਚ ਤੇਰੇ ਜਸਵੀਰ ਨੀ
ਤੇਰੇ ਨੀ ਪਿਆਰ ਵਿੱਚ ਬਣਿਆ ਫ਼ਕੀਰ ਨੀ
ਗਲ ਵਿੱਚ ਬਾਹਾਂ ਉਹਦੇ ਪਾ ਸੋਹਣੀਏ
ਇੱਕ ਵਾਰੀ ਹੱਸਕੇ ਦਿਖਾ ਸੋਹਣੀਏ







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਾਰੀ ਆਨਲਾਈਨ ਮੈਗਜ਼ੀਨ
ਅੰਕ- 09 ਅਦਬੀ ਵਿਰਾਸਤ 16
538 - 632, ਸਥਾਪਨਾ ਦਸੂਹਾ ,20/07/2026 ਤੋਂ 26/07/2026 ( ਨਾਨਕਸ਼ਾਹੀ ਸੰਮਤ 11 ਸਾਵਣ 558) adbivirsat@gmail.com

## ਇੱਕ ਗ਼ਜ਼ਲ

ਸਰਬੰਸ ਦਿੱਤਾ ਵਾਰ, ਭੁਲਾ ਕੇ ਬੈਠੇ ਹਾਂ।
ਅੰਨ੍ਹੇ ਅਤਿਆਚਾਰ,ਭੁਲਾ ਕੇ ਬੈਠੇ ਹਾਂ।

ਸਾਂਝ ਬਣਾ ਕੇ ਰੱਖੀ ਦੀ ਹੈ ਸਭ ਦੇ ਨਾਲ਼,
ਤਾਂਹੀਓਂ ਤਾਂ ਤਕਰਾਰ ਭੁਲਾ ਕੇ ਬੈਠੇ ਹਾਂ।

ਆਪ ਵਧਾਇਆ ਹੋਇਐ ਡੇਰਾਵਾਦ ਅਸੀਂ,
ਬਾਬੇ ਦਾ ਦਰਬਾਰ ਭੁਲਾ ਕੇ ਬੈਠੇ ਹਾਂ।

ਮੰਜ਼ਿਲ ਦਾ ਰਾਹ ਜਿਸ ਰਹਿਬਰ ਨੇ ਦੱਸਿਆ ਸੀ,
ਬੇਗ਼ਰਜਾ ਉਪਕਾਰ ਭੁਲਾ ਕੇ ਬੈਠੇ ਹਾਂ।

ਭੀੜ ਪਈ ਤੇ ਨੌਂ ਦੋ ਗਿਆਰਾਂ ਜੋ ਹੁੰਦੇ,
ਦਿਲ 'ਚੋਂ ਐਸੇ ਯਾਰ ਭੁਲਾ ਕੇ ਬੈਠੇ ਹਾਂ।

ਜਿਤ ਜੰਮੇ ਰਾਜਾਨ ਦਾ ਕਰਦੇ ਹਾਂ ਸ਼ੋਸ਼ਣ,
ਬਾਣੀ ਵਿਚਲਾ ਸਾਰ ਭੁਲਾ ਕੇ ਬੈਠੇ ਹਾਂ।

ਅਪਣੇ ਆਪ ਨੂੰ ਪੱਛਮ ਦਾ ਰੰਗ ਚਾੜ੍ਹ ਲਿਆ,
ਅਪਣਾ ਸਭਿਆਚਾਰ ਭੁਲਾ ਕੇ ਬੈਠੇ ਹਾਂ।

ਲਾਣੇਦਾਰੀ ਕਰਦਾ ਸੀ ਇੱਕ ਵੇਲੇ ਉਹ,
ਬਾਪੂ ਦਾ ਕਿਰਦਾਰ ਭੁਲਾ ਕੇ ਬੈਠੇ ਹਾਂ।

ਜੜ੍ਹ ਜੜ੍ਹ ਉੱਤੇ ਰਹਿ ਰਹਿ ਆਰੇ ਚੱਲਦੇ ਨੇ,
ਰੁੱਖਾਂ ਦਾ ਉਪਕਾਰ ਭੁਲਾ ਕੇ ਬੈਠੇ ਹਾਂ।

ਜਾਨ ਰਿਹਾ ਉਹ ਪਾਉਂਦਾ ਸਾਡੇ ਸ਼ਿਅਰਾਂ ਵਿੱਚ,
ਜੈਤੋਈ ਫ਼ਨਕਾਰ ਭੁਲਾ ਕੇ ਬੈਠੇ ਹਾਂ।

ਉਹਦੇ ਵਾਂਗ 'ਪੰਜਾਬੀ' ਕੋਈ ਮਿਲਿਆ ਨਾ,
ਅਣਖੀ ਤੇ ਖੁਦਦਾਰ ਭੁਲਾ ਕੇ ਬੈਠੇ ਹਾਂ।




## ਇੱਕ ਗ਼ਜ਼ਲ

ਜਿੰਨੇ ਵੀ ਦਿਨ ਕੱਟੇ ਸਾਈਂ।
ਕੌੜ ਤਜਰਬੇ ਖੱਟੇ ਸਾਈਂ।

ਚੁਗਲਾਂ ਜੇਬਾਂ ਭਰੀਆਂ ਨੇ ਅੱਜ,
ਸੱਚ ਦੇ ਪੱਲੇ ਘੱਟੇ ਸਾਈਂ।

ਸਰਮ-ਹਯਾ ਹੈ ਮੁਕਦੀ ਜਾਂਦੀ,
ਉੱਡੇ ਸਿਰੋਂ ਦੁਪੱਟੇ ਸਾਈਂ।

ਪੱਗੜੀ ਵਾਲੇ ਵੀ ਅੱਜ ਦੇਖੋ,
ਮੁੰਨਦੇ ਪਏ ਭਰਵੱਟੇ ਸਾਈਂ।

ਸੱਤੀ ਵੀਹੀਂ ਸੌ ਜਿਹਨਾਂ ਦਾ,
ਪਾਉਂਦੇ ਅੱਖੀਂ ਘੱਟੇ ਸਾਈਂ।

ਦੇਖ ਜਵਾਨੀ ਖੌਰੂ ਪਾਵੇ,
ਕਲਯੁੱਗ ਚੁੱਕੇ ਫੱਟੇ ਸਾਈਂ।

ਇਸ਼ਕ ਮਜਾਜ਼ੀ ,ਵਣਜ ਖ਼ਸਾਰਾ,
ਲੱਖਾਂ ਹੀ ਘਰ ਪੱਟੇ ਸਾਈਂ।

ਸਾਰਾ 'ਜੀਵਨ' ਵਫ਼ਾ ਨਿਭਾਈ,
ਬਦਲੇ ਵਿੱਚ ਗ਼ਮ ਖੱਟੇ ਸਾਈਂ।




ਮਿੰਨੀ ਕਹਾਣੀ

## ਮਿਹਨਤ ਦਾ ਮੁੱਲ

ਕਾਰਖਾਨੇ, ਫੈਕਟਰੀਆਂ ਤੇ ਕਈ ਦੁਕਾਨਾਂ ਦੇ ਮਾਲਕ ਸੇਠ ਮੋਤੀ ਰਾਮ ਨੂੰ ਇੱਕ ਸਮਾਗਮ ਦਾ ਮੁੱਖ ਮਹਿਮਾਨ ਵਜੋਂ ਸੱਦਾ-ਪੱਤਰ ਦਿੱਤਾ ਗਿਆ। ਸੇਠ ਆਪਣੀ ਨਵੀਂ ਲਿਆਂਦੀ ਕਾਰ ਤੇ ਸਮਾਗਮ ਵਿਚ ਪਹੁੰਚਿਆ। ਕਲੱਬ ਵਾਲੇ ਅਤੇ ਸ਼ਹਿਰ ਦੇ ਪਤਵੰਤੇ ਸੱਜਣਾਂ ਨੇ ਹਾਰ ਪਾ ਕੇ ਸਵਾਗਤ ਕੀਤਾ।ਸੇਠ ਮੋਤੀ ਰਾਮ ਨੇ ਜਦ ਰਿਬਨ ਕੱਟਿਆ ਤਾਂ ਪੰਡਾਲ 'ਚ ਬੈਠੇ ਲੋਕਾਂ ਨੇ ਖੂਬ ਤਾੜੀਆਂ ਨਾਲ ਨਵਾਜ਼ਿਆ। ਪ੍ਰੋਗਰਾਮ ਦਾ ਵਿਸ਼ਾ ਸੀ ਮਜ਼ਦੂਰ (ਕਾਮੇ) ਨੂੰ ਉਸ ਦੀ ਮਿਹਨਤ ਦਾ ਪੂਰਾ ਮੁੱਲ ਦਿਵਾਉਣਾ, ਉਸ ਦਾ ਹੱਕ ਮਰਨ ਨਹੀਂ ਦੇਣਾ।

ਸ਼ਹਿਰ ਦੇ ਵੱਡੇ ਮਾਇਆਧਾਰੀ ਮੁੱਖ ਮਹਿਮਾਨ ਦੇ ਨਾਲ ਕੁਰਸੀਆਂ ਤੇ ਸਜੇ ਬੈਠੇ ਉਨ੍ਹਾਂ ਸਾਰਿਆਂ ਨੇ ਹੀ ਕਾਮਿਆਂ ਦੇ ਹੱਕ 'ਘੱਟ ਭਾਸ਼ਣ ਦਿੱਤਾ ਅਤੇ ਮੁੱਖ ਮਹਿਮਾਨ ਸੇਠ ਮੋਤੀ ਰਾਮ ਦੀ ਪ੍ਰਸੰਸ਼ਾਂ ਦੇ ਵੱਧ ਪੁੱਲ ਬੰਨੇ। "ਸੇਠ ਮੋਤੀ ਰਾਮ ਜੀ ਬਹੁਤ ਅਮੀਰ ਆਦਮੀ ਹਨ, ਇਨ੍ਹਾਂ ਦੇ ਸਬੰਧ ਵੱਡੇ-ਵੱਡੇ ਲੋਕਾਂ ਨਾਲ ਹਨ. ਜੋ ਵੀ ਕੰਮ ਕਹਿੰਦੇ ਹਨ, ਝੱਟ ਹੋ ਜਾਂਦਾ ਹੈ।ਬਾਹਰ ਵੀ ਕਿਤੇ ਜਾਓ, ਸੇਠ ਮੋਤੀ ਰਾਮ ਦੇ ਨਾਂ ਨਾਲ ਸ਼ਹਿਰ ਦਾ ਨਾਮ ਮਸ਼ਹੂਰ ਹੈ"। ਇਹ ਗਰੀਬਾਂ ਦੀ ਹਰ ਵੇਲੇ ਮੱਦਦ ਕਰ ਹਨ, ਆਦਿ, ਲਫਜਾਂ ਨਾਲ ਉਨ੍ਹਾਂ ਦੀ ਪ੍ਰਸੰਸ਼ਾਂ ਕੀਤੀ ਗਈ, ਕਿਉਂਕਿ ਕਲੱਬ ਵਾਲਿਆਂ ਉਨਾਂ ਤੋਂ ਪੈਸੇ ਬਟੋਰਨੇ ਸਨ।"

ਜਦੋਂ ਸੇਠ ਮੋਤੀ ਰਾਮ ਨੇ ਸਟੇਜ਼ ਤੇ ਆ ਕੇ ਬੋਲਣਾ ਸ਼ੁਰੂ ਕੀਤਾ "ਅੱਜ ਦੇ ਸਮਾਗਮ ਵਿਚ ਇਕੱਠੇ ਹੋਏ ਵੀਰੋ ਅਤੇ ਭੈਣੋ, ਅੱਜ ਦਾ ਭਰਵਾਂ ਐਡਾ ਵੱਡਾ ਇਕੱਠ ਵੇਖ ਕੇ ਮਨ ਬਹੁਤ ਖੁਸ਼ ਹੋਇਆ ਹੈ। ਇੱਥੇ ਪਹੁੰਚੀਆਂ ਓੁਘੀਆਂ ਸਖਸ਼ੀਅਤਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਿਲਆ। ਐਡਾ ਵੱਡਾ ਸਮਾਗਮ ਕਰਵਾਉਣ ਲਈ ਸਾਡੇ ਸ਼ਹਿਰ ਤੇ ਆਸ-ਪਾਸ ਦੇ ਪਿੰਡਾਂ ਦੇ ਨੌਜਵਾਨ ਵਧਾਈ ਦੇ ਪਾਤਰ ਹਨ। ਮੈਂ ਕਲੱਬ ਨੂੰ ਇਸ ਪ੍ਰੋਗਰਾਮ ਤੋਂ ਖੁਸ਼ ਹੋ ਕੇ 5100 ਰੁਪਏ ਭੇਂਟ ਕਰਦਾ ਹਾਂ ਅਤੇ ਨਾਲ ਹੀ ਇਹ ਵਾਅਦਾ ਕਰਦਾ ਹਾਂ ਕਿ ਗਰੀਬ ਦੀ ਲੁੱਟ ਨਹੀਂ ਹੋਣ ਦੇਵਾਂਗੇ ਹਰ ਮਜ਼ਦੂਰ ਕਾਮੇ ਦੀ ਮਿਹਨਤ ਦਾ ਮੁੱਲ ਦਿਵਾਵਾਂਗੇ ਅਤੇ ਕਲੱਬ ਵਾਲੇ ਨੌਜਵਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਾਂਗੇ।" ਪੰਡਾਲ 'ਚ ਬੈਠੇ ਲੋਕਾਂ ਨੇ ਤਾੜੀਆਂ ਨਾਲ ਛੱਤ ਚੁੱਕਣ ਵਰਗੀ ਕਰ ਦਿੱਤੀ ਸੀ।

ਜਦੋਂ ਸੇਠ ਮੋਤੀ ਰਾਮ ਭਾਸ਼ਣ ਦੇ ਕੇ ਬੈਠ ਗਿਆ ਤਾਂ ਇਕ ਅਗਾਂਹਵਧੂ ਨੌਜਵਾਨ ਨੇ ਸੈਕਟਰੀ ਤੋਂ ਬੋਲਣ ਦੀ ਆਗਿਆ ਲਈ। ਸੈਕਟਰੀ ਨੂੰ ਵੀ ਇਹ ਸੀ ਕਿ ਇਹ ਬੁਲਾਰਾ ਵੀ ਸੇਠ ਮੋਤੀ ਰਾਮ ਦੀ ਪ੍ਰਸੰਸ਼ਾ ਹੀ ਕਰੇਗਾ। ਨੌਜਵਾਨ ਨੇ ਬਾਹਰੋਂ ਆਏ ਲੋਕਾਂ ਦਾ ਧੰਨਵਾਦ ਕੀਤਾ ਅਤੇ ਕਲੱਬ ਵਾਲਿਆਂ ਨੂੰ ਵਧਾਈ ਦੇ ਪਾਤਰ ਕਿਹਾ ਅਤੇ ਅਗਾਂਹ ਬੋਲਣਾ ਸ਼ੁਰੂ ਕੀਤਾ "ਸੇਠ ਮੋਤੀ ਰਾਮ ਦੀ ਗਲੀ ਵਿਚ ਇਕ ਗਰੀਬ ਆਦਮੀ ਰਾਤ ਨੂੰ ਚੌਕੀਦਾਰੀ ਕਰਦਾ ਹੈ। ਗਰਮੀਆਂ 'ਚ ਉਸਨੂੰ ਮੱਛਰ ਖਾਂਦਾ ਹੈ ਅਤੇ ਸਿਆਲ 'ਚ ਠੰਢ ਵਿਚ ਠੁਰ-ਠੁਰ ਕਰਦਾ ਹੈ। ਉਸ ਨੂੰ ਬਹੁਤ ਥੋੜ੍ਹੇ ਪੈਸੇ ਬਣਦੇ ਹਨ, ਜਿਸ ਨਾਲ ਉਸ ਵਿਚਾਰੇ ਦਾ ਘਰ ਦਾ ਖਰਚਾ ਮਸਾਂ ਹੀ ਚਲਦਾ ਹੈ। ਸੇਠ ਮੋਤੀ ਰਾਮ ਜੀ ਨੇ 2 ਸਾਲ ਤੋਂ ਉਸਦੀ ਮਜ਼ਦੂਰੀ ਦੱਬ ਛੱਡੀ ਹੈ, ਜਦੋਂ ਕਿ ਹੋਰ ਸਾਰੇ ਘਰ ਉਸ ਨੂੰ ਮਹੀਨੇ ਦੇ 50 ਰੁਪਏ ਪ੍ਰਤੀ ਮਹੀਨਾ ਦਿੰਦੇ ਹਨ।ਸਾਡੇ ਕਲੱਬ ਵਾਲੇ ਵੀਰਾਂ ਨੂੰ ਪੁਰਜ਼ੋਰ ਅਪੀਲ ਹੈ ਕਿ ਲੁੱਟ ਹਟਾਉਣ ਦਾ ਮੁੱਢ ਉਸ ਚੌਕੀਦਾਰ ਦੀ ਮਜ਼ਦੂਰੀ ਦਵਾ.........।} ਗੱਲ ਅਜੇ ਉਸ ਤੋਂ ਪੂਰੀ ਹੋਈ ਨਹੀਂ ਸੀ। ਕਲੱਬ ਵਾਲੇ ਨੌਜਵਾਨਾਂ ਨੇ ਉਸ ਵਿਅਕਤੀ (ਬੁਲਾਰੇ) ਨੂੰ ਸਟੇਜ਼ ਤੋਂ ਖਿੱਚ ਕੇ ਹੇਠਾਂ ਲਾਹ ਦਿੱਤਾ। ਪੰਡਾਲ ਵਿੱਚੋਂ ਚੀਕਾਂ ਵੱਜਣੀਆਂ ਸ਼ੁਰੂ ਹੋ ਗਈਆ।ਸੇਠ ਮੋਤੀ ਰਾਮ ਦੇ ਰੌਣਕ ਭਰੇ ਚਿਹਰੇ ਤੇ ਝੱਟ ਉਦਾਸੀ ਛਾ ਗਈ। ਉਸਨੂੰ ਕੁਰਸੀ ਤੋਂ ਉਠਣਾ ਔਖਾ ਹੋ ਗਿਆ।




## ਨਾ ਪੱਕਾ ਘਰ ਟੋਹਲ਼ੀਂ ਬਾਬਲਾ

ਕੱਚਿਆਂ ਦਾ ਕਿਹੜਾ ਮਾਣ ਵੇ,
ਆਵੇ ਬਰਸਾਤ ਹੋ ਜਾਂਦਾ ਘਾਣ ਵੇ,
ਨਾ ਕਾਲੀ ਮਿੱਟੀ ਕਿਵੇਂ ਲਿਪੂਗੀ ਬਨੇਰੇ,,
ਨਾ ਪੱਕਾ ਘਰ ਟੋਲੀ ਬਾਬਲਾ,
ਪੱਕਿਆਂ ਘਰਾਂ ਦੇ ਕੱਚੇ ਨੇ ਬਨੇਰੇ।।
ਨਾ ਪੱਕਾ ਘਰ ਟੋਲੀ ਬਾਬਲਾ।।।।

ਬਾਪੂ ਮੈਂ ਕਿਹੜਾ ਅਣਜਾਣ ਵੇ ,
ਸਾਥੋਂ ਬਣਿਆ ਨਾ ਪੱਕਾ ਮਕਾਨ ਵੇ ,
ਬਹੁਤ ਲਿੱਪੇ ਕੱਚੀਆਂ ਇੱਟਾਂ ਦੇ ਬਨੇਰੇ ,,
ਨਾ ਪੱਕਾ ਘਰ ਟੋਲੀ ਬਾਬਲਾ,
ਪੱਕਿਆਂ ਘਰਾਂ ਦੇ ਕੱਚੇ ਨੇ ਬਨੇਰੇ।।
ਨਾ ਪੱਕਾ ਘਰ ਟੋਲੀ ਬਾਬਲਾ।।

ਸੱਚੀ ਗੱਲ ਬਾਪੂ ਕਾਹਦੀ ਜੱਕ ਵੇ ,
ਮੈਂ ਕੱਚਿਆਂ ਪਲੀ ਕਾਹਦੀ ਸ਼ੱਕ ਵੇ ,
ਰੱਖੀਂ ਪੱਕਿਆਂ ਤੇ ਅੱਖ ਛੱਡੇਂ ਕੱਚੇ ਬਨੇਰੇ ,,
ਨਾ ਪੱਕਾ ਘਰ ਟੋਲੀ ਬਾਬਲਾ,
ਪੱਕਿਆਂ ਘਰਾਂ ਦੇ ਕੱਚੇ ਨੇ ਬਨੇਰੇ।।
ਨਾ ਪੱਕਾ ਘਰ ਟੋਲੀ ਬਾਬਲਾ।।

ਕੌਣ ਕਹਿੰਦਾ ਇਹ ਘਰ ਪੱਕੇ ਵੇ ,
ਜਿੱਥੇ ਬਿਗਾਨੀਆਂ ਨੂੰ ਪੈਂਦੇ ਧੱਕੇ ਵੇ ,,
ਹਾਕਮ ਮੀਤ ਰੂਹ ਬਿਗਾਨੀ ਕੱਚੇ ਨੇ ਬਸੇਰੇ,,
ਨਾ ਪੱਕਾ ਘਰ ਟੋਲੀ ਬਾਬਲਾ,,
ਪੱਕਿਆਂ ਘਰਾਂ ਦੇ ਕੱਚੇ ਨੇ ਬਨੇਰੇ।।
ਨਾ ਪੱਕਾ ਘਰ ਟੋਲੀ ਬਾਬਲਾ।।







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।
"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"
E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212



## ਕਵਿਤਾ ਦੇ ਬੋਲ

ਗਜ਼ਲ ਗੀਤ ਰੁਬਾਈ ਦੇ ਵਿੱਚ,
ਕਵਿਤਾ ਦੇ ਹੀ ਹੁੰਦੇ ਬੋਲ।
ਬੈਂਤ ਛੰਦ ਚੌਪਈ ਦੇ ਵਿੱਚ,
ਕਵਿਤਾ ਆਉਣ ਨਿਭਾਵੇ ਰੋਲ।

ਦਰਦ ਪੀੜ ਜੁਦਾਈ ਦੇ ਵਿੱਚ,
ਕਵਿਤਾ ਬੋਲੇ ਵਿੱਚ ਵੈਰਾਗ।
ਵਿਆਹ ਸ਼ਾਦੀ ਕੁੜਮਾਈ ਦੇ ਵਿੱਚ,
ਕਵਿਤਾ ਆਉਣ ਸੁਣਾਵੇ ਰਾਗ।

ਸੱਚ ਆਖਾਂ ਤਾਂ ਹਰ ਖੇਤਰ 'ਚ,
ਕਵਿਤਾ ਬਣਦੀ ਆਉਣ ਆਵਾਜ਼।
ਕੀ ਆਖਾਂ ਮੈਂ ਕਵਿਤਾ ਬਾਰੇ,
ਕਵਿਤਾ ਜੀਵਨ ਦੀ ਪਰਵਾਜ਼।

ਮੈਂ ਜਦ ਕੁੱਝ ਕਹਿਣਾ ਚਾਹਵਾਂ,
ਕਵਿਤਾ ਨੂੰ ਆਵਾਜ਼ ਲਗਾਵਾਂ।
ਆ ਕਵਿਤਾ ਹੁਣ ਮੇਰੇ ਕੋਲ,
ਦੁੱਖ ਸੁੱਖ ਮੇਰੇ ਸੰਗ ਫਰੋਲ।

ਕਵਿਤਾ ਸੁਣਦੀ ਜਦ ਇਹ ਬੋਲ,
ਭੱਜੀ ਆਉਂਦੀ ਮੇਰੇ ਕੋਲ।
ਜੋ ਫੇਰ ਖ਼ਿਆਲ ਮੇਰੇ ਵਿੱਚ ਆਵੇ,
ਕਵਿਤਾ ਹੀ ਉਹ ਆਖ ਸੁਣਾਵੇ।

ਕਵਿਤਾ ਦੀ ਹੀ ਹੈ ਇਹ ਦੇਣ,
ਲੋਕੀ ਮੈਨੂੰ ਸ਼ਾਇਰ ਕਹਿਣ।
ਹੋਰ ਦੱਸ ਕਿਹੜਾ ਸੀ ਗੁਣ ਵਿੱਚ,
ਕਵਿਤਾ ਆਉਣ ਬਣਾਈ ਦਿੱਖ।

ਬਨਾਰਸੀ ਦਾਸ ਜਦ ਲਿਖੇ ਕਲਾਮ,
ਸ਼ਬਦਾਂ ਦੀ ਇਉਂ ਕਰਦਾ ਟੋਲ।
ਲਿਖਤ ਮੇਰੀ ਦੇ ਸ਼ਬਦ-ਸ਼ਬਦ 'ਚ,
ਕਵਿਤਾ ਦੇ ਹੀ ਹੁੰਦੇ ਬੋਲ।




## ਨੀਟ ਦਾ ਪੇਪਰ

ਪੇਪਰ ਨੀਟ ਦਾ ਜਦੋਂ ਸੀ ਲੀਕ ਹੋਇਆ,
ਵਧ ਗਿਆ ਓਦੋਂ ਦਾ ਬਹੁਤ ਕਲੇਸ਼ ਭਾਈ।
ਮੁੰਡੇ ਕੁੜੀਆਂ ਦੀ ਕਿਸਮਤ ਦਾਅ ਲੱਗੀ,
ਤਰੱਕੀ ਕਰੂਗਾ ਦੱਸੋ ਕਿਵੇਂ ਫਿਰ ਦੇਸ਼ ਭਾਈ?
ਜਾਇਜ ਮੰਗ ਲਈ ਜੰਤਰ ਮੰਤਰ ਇਕੱਠ ਹੋਇਆ,
ਮੁੰਡੇ ਕੁੜੀਆਂ ਨਿਹੱਥੇ ਹੀ ਕੁੱਟੇ ਦਰਵੇਸ਼ ਭਾਈ।
ਸਿਰਫ਼ ਸਿਆਸੀ ਰੋਟੀਆਂ ਸੇਕਣੇ ਦੀ,
ਹਰ ਪਾਰਟੀ ਦੀ ਲੱਗ ਗਈ ਹੈ ਰੇਸ ਭਾਈ।
ਡਾਂਗਾਂ ਸੋਟੀਆਂ ਨਾਲ ਅੰਦੋਲਨ ਨੂੰ ਫੇਲ੍ਹ ਕਰਕੇ ,
ਸਰਕਾਰ ਕਰਾ ਰਹੀ ਹੈ ਆਪਦੀ ਹੀ ਪੱਟੀਮੇਸ ਭਾਈ।
ਸਰਕਾਰੇ ਏਕੇ ਵਿੱਚ ਬਰਕਤ ਹੈ ਬਹੁਤ ਹੁੰਦੀ,
ਇਨਾਂ ਨੇ ਚੱਲਣ ਦੇਣੀ ਨਹੀਂ ਤੇਰੀ ਹੁਣ ਪੇਸ਼ ਭਾਈ।
ਗੱਦੀਓਂ ਲਾਹ ਕੇ ਓਸ ਪ੍ਰਧਾਨ ਨੂੰ ਕਰੋ ਪਾਸੇ,
ਇੱਕੋ ਇੱਕ ਹੈ ਇਸ ਦਾ ਹੱਲ ਭਾਈ ।
ਕਿਸਾਨ ਅੰਦੋਲਨ ਵਾਂਗ ਅੜੀ ਹੁਣ ਪੁੱਗਣੀ ਨਹੀਂ,
ਜਾਂ ਫਿਰ ਬੈਠ ਟੇਬਲ ਤੇ ਕਰੋ ਕੋਈ ਗੱਲ ਭਾਈ।




## ਸਾਕਤ ਪੁਰਸ਼

ਟੁੱਟਾ ਸਦਾ ਹੀ ਟੁੱਟਿਆ, ਹੋਰਾਂ ਦੇਵੇ ਤੋੜ।

ਅੰਦਰ ਚੱਲਣ ਹਨ੍ਹੇਰੀਆਂ, ਹਰ ਪਲ ਤੋੜਾ-ਫੋੜ।

ਬੇਲਗਾਮਾ ਮਨ ਫਿਰੇ, ਕਦੇ ਨਾ ਸਕੇ ਹੋੜ।

ਅੱਠੇ ਪਹਿਰ ਹੀ ਕੂਕਦਾ, ਸਦਾ ਹੀ ਰਹਿੰਦੀ ਥੋੜ।

ਵਿੱਚ ਹਨ੍ਹੇਰੇ ਭਟਕਦਾ, ਪੈਰ-ਪੈਰ ਤੇ' ਮੋੜ।

ਸੁੱਤਾ ਨੀਂਦਰ ਗਫ਼ਲਤਾਂ, ਰਿਹਾ ਹੈ ਕਾਲ ਝੰਜੋੜ।

ਮਨਮੁਖਾਂ ਸੰਗ ਦੋਸਤੀ, ਗੁਰਮੁਖ ਦੇਵੇ ਛੋੜ।

ਅੰਮ੍ਰਿਤ ਲੱਭਾ ਸਾਕਤੀਂ, ਹੱਥੀਂ ਦੇਵੇ ਰੋੜ੍ਹ।

ਲਾਹਾ ਖੱਟਿਆ ਗੁਰਮੁਖਾਂ , ਖਾਂਦੇ ਲੱਖ ਕਰੋੜ।

' ਸਹਿਜ ' ਸਦਾ ਹੀ ਜੁੜ ਰਹੇ, ਟੁੱਟਿਆਂ ਦੇਵਣ ਜੋੜ।




## ਬੱਚਾ ਤੇ ਬਸਤਾ

ਬੱਚਾ ਜਦ ਸਕੂਲੋਂ ਆਉਂਦਾ
ਮੋਢੇ ਉੱਪਰ ਬਸਤਾ ਦਿਸਦਾ।
ਹੌਲ਼ੀ ਹੌਲ਼ੀ ਭਰੇ ਪੁਲਾਂਘਾਂ,
ਬੱਸ ਘਰ ਦਾ ਹੀ ਰਸਤਾ ਦਿਸਦਾ।

ਘਰ ਸਕੂਲੋਂ ਜਦ ਵੀ ਆਵੇ,
ਕਦੇ ਨਾ ਉਸ ਨੂੰ ਦਬਕੇ ਮਾਰੋ।
ਗੁੱਸੇ ਦੇ ਨਾਲ਼ ਕਦੇ ਨਾ ਬੋਲੋ,
ਪਿਆਰ ਨਾਲ਼ ਉਸਨੂੰ ਪੁਚਕਾਰੋ।

ਕੀ ਕੀ ਉਸ ਦੇ ਮਨ ਵਿੱਚ ਚੱਲਦਾ,
ਕਦੇ ਤਾਂ ਉਸ ਤੋਂ ਪੁੱਛ ਕੇ ਦੇਖੋ।
ਪਿਆਰ ਨਾਲ਼ ਕਦੇ ਝੂਠੀ-ਮੂਠੀ,
ਕਦੇ ਤਾਂ ਉਸ ਨਾਲ਼ ਰੁੱਸ ਕੇ ਦੇਖੋ।

ਕਿਹੜਾ ਭਾਰ ਉਹ ਮੋਢਿਆਂ ਉੱਪਰ,
ਚੁੱਕ ਕੇ ਬੱਚਾ ਘਰ ਨੂੰ ਆਇਆ।
ਕਿਹੜੇ ਕੰਮ ਵਿੱਚ ਖ਼ੁਸ਼ੀ ਹੈ ਉਸ ਦੀ,
ਕਿਹੜੇ ਕੰਮ ਤੋਂ ਹੈ ਘਬਰਾਇਆ।

ਨੰਬਰਾਂ ਦੀ ਇਸ ਦੌੜ ਤੋਂ ਹਟ ਕੇ,
ਸਿੱਖਿਆ ਨੂੰ ਵਰਦਾਨ ਬਣਾਓ।
'ਰਾਜੇ' ਕੁਝ ਵੀ ਬਣਨ ਤੋਂ ਪਹਿਲਾਂ
ਬੱਸ ਚੰਗੇ ਇਨਸਾਨ ਬਣਾਓ।







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।
"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"
E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212



## ਕੰਮ ਹੋਵੇ ਬਿਜਲੀ ਦਾ

ਅਰਥ ਕੀਤੇ ਤੋਂ ਬਗੈਰ ਬੰਦਾ ਪੋਲ ਤੇ ਨਹੀਂ ਚੜ੍ਹਾਈ ਦਾ,
ਬਿਨਾਂ ਬੈਲਟ ਲਾਏ ਲਾਈਨ ਤੇ ਕੰਮ ਨਹੀਂ ਕਰਵਾਈ ਦਾ।
ਜੇ ਕੰਮ ਹੋਵੇ ਬਿਜਲੀ ਦਾ, ਸੋਚ ਸਮਝਕੇ ਹੱਥ ਪਾਈ ਦਾ।

ਲਾਈਨ ਹੋ ਜਾਏ ਬੰਦ, ਤਾਂ ਪੂਰੀ ਚੈਕ ਕਰਕੇ ਚਲਾਈ ਦਾ,
ਬਿਨਾਂ ਦਾਸਤਾਨੇ ਪਾਏ, ਕਦੇ ਸਵਿੱਚ ਨਹੀਂ ਲਗਾਈ ਦਾ।
ਜੇ ਕੰਮ ਹੋਵੇ ਬਿਜਲੀ ਦਾ, ਸੋਚ ਸਮਝਕੇ ਹੱਥ ਪਾਈ ਦਾ।

ਚਲਦੇ ਲੋਡ ਉੱਤੇ ਕਦੇ 'ਜੀਓ' ਸਵਿਚ ਨਹੀਂ ਕਟਾਈ ਦਾ,
ਪਹਿਲਾਂ ਜਾਕੇ 'ਐਲ.ਟੀ' ਲਾਈਨ ਦਾ ਲੋਡ ਘਟਾਈ ਦਾ।
ਜੇ ਕੰਮ ਹੋਵੇ ਬਿਜਲੀ ਦਾ, ਸੋਚ ਸਮਝਕੇ ਹੱਥ ਪਾਈ ਦਾ।

ਡੈਡਿੰਗ ਵਾਲੇ ਪੋਲ ਤੇ ਕੰਮ ਸਾਵਧਾਨੀ ਨਾਲ ਕਰਾਈ ਦਾ,
ਬਿਨਾਂ ਡਬਲ ਅਰਥ ਕੀਤੇ,ਕਦੇ ਜੰਪਰ ਨਹੀਂ ਹਟਾਈ ਦਾ।
ਜੇ ਕੰਮ ਹੋਵੇ ਬਿਜਲੀ ਦਾ, ਸੋਚ ਸਮਝਕੇ ਹੱਥ ਪਾਈ ਦਾ।

ਟਰਾਂਸਫਾਰਮਰ ਤੇ ਸਵਿਚ ਨੂੰ ਡਬਲ ਅਰਥ ਕਰਾਈ ਦਾ,
ਕਦੇ ਨਿਊਟਲ ਵਾਲੀ ਤਾਰ ਨੂੰ ਗਰਿਪ ਨਹੀਂ ਲਗਾਈ ਦਾ।
ਜੇ ਕੰਮ ਹੋਵੇ ਬਿਜਲੀ ਦਾ, ਸੋਚ ਸਮਝਕੇ ਹੱਥ ਪਾਈ ਦਾ।

ਸਪਾਰਕਿੰਗ ਦੇ ਖਤਰੇ ਤੋਂ, ਪਹਿਲਾਂ ਆਪ ਨੂੰ ਬਚਾਈ ਦਾ,
ਪੈਰੀਂ ਬੂਟ ਰਬੜ ਦੇ ਪਾਕੇ ਸਿਰ 'ਤੇ ਹੈਲਮੇਟ ਲਗਾਈ ਦਾ,
ਜੇ ਕੰਮ ਹੋਵੇ ਬਿਜਲੀ ਦਾ, ਸੋਚ ਸਮਝਕੇ ਹੱਥ ਪਾਈ ਦਾ।

'ਟੱਲੇਵਾਲ' ਦੇ ਤਜਰਬਿਆਂ ਤੋਂ, ਫਾਇਦਾ ਲੈ ਉਠਾਈ ਦਾ,
ਕਾਹਲੀ ਵਿੱਚ ਕਦੇ ਸੱਜਣਾ, ਜੀਵਨ ਨਹੀਂ ਗਵਾਈ ਦਾ।
ਜੇ ਕੰਮ ਹੋਵੇ ਬਿਜਲੀ ਦਾ, ਸੋਚ ਸਮਝਕੇ ਹੱਥ ਪਾਈ ਦਾ।




## ਗ਼ਜ਼ਲ

ਉਹਨਾਂ ਕੀਤਾ ਮੁਲਕ ਤਬਾਹ।
ਨਾਗਪੁਰੋਂ ਜੋ ਲੈਣ ਸਲਾਹ।

ਕਰ ਕੇ ਖਲਕਤ ਨੂੰ ਗੁੰਮਰਾਹ।
ਲੈਂਦੇ ਹਿੱਕ 'ਤੇ ਕੁਰਸੀ ਡਾਹ।

ਘਾਹੀਆਂ ਦੇ ਪੁੱਤ ਖੋਤਣ ਘਾਹ।
ਇੰਝ ਨਹੀਂ ਹੋਣਾ ਜੋ ਹਨ ਰਾਹ।

ਮੁਲਕ'ਤੇ ਕਾਬਜ਼ ਚਾਰ ਕੁ ਸ਼ਾਹ ।
ਲੈਣ ਨਾ ਦਿੰਦੇ ਸੌਖੇ ਸਾਹ।

ਕੀਤੇ ਕਿੰਨੇ ਸ਼ਹਿਰ ਸੁਆਹ ।
ਬੰਦ ਕਰੋ ਸਭ ਠਾਹ ਠਾਹ ਠਾਹ।

ਜਲ ਮੁਕਦੇ ਦੀ ਕਰ ਪਰਵਾਹ।
ਛੱਡ ਕੇ ਝੋਨਾ ਬੀਜ ਕਪਾਹ।




## ਗ਼ਜ਼ਲ

ਖੇਡ ਜੀਵਨ ਦੀ ਬੜੀ ਨਿਰਾਲੀ,।
ਬੜਾ ਵਚਿੱਤਰ ਇਸਦਾ ਮਾਲੀ।

ਦਿਨੇ ਰਾਤ ਉਹ ਰਾਸ ਰਚਾਵੇ,
ਕਿਧਰੇ ਗਾਉਂਦਾ ਫਿਰੇ ਕਵਾਲੀ।

ਜਦ ਵੀ ਉਹਦੀ ਰਹਿਮਤ ਬਰਸੇ,
ਕੋਈ ਕੁੱਖ ਨਾ ਰਹਿੰਦੀ ਖਾਲੀ।

ਦਰਿਆ, ਪਹਾੜ , ਨਦੀਆਂ ਨਾਲੇ,
ਦਿਨੇ ਰਾਤ ਵਜਾਵਣ ਤਾਲੀ।

ਧਰਤੀ, ਸੂਰਜ,ਅੰਬਰ ਤਾਰੇ,
ਦਰ ਉਹਦੇ ਬਣ ਖੜੇ ਸਵਾਲੀ।

ਫਲ, ਫੁੱਲ, ਪੱਤੇ ਲਾਏ ਸਭ ਕੁਝ,
ਖਾਲੀ ਰਹੇ ਨਾ ਕੋਈ ਡਾਲੀ।

ਗਿੱਲ ਨੱਕੋ ਨੱਕ ਭਰ ਦਏ ਝੋਲੀਆਂ,
ਦਰ ਉਹਦੇ ਜਦ ਜਾਏ ਸਵਾਲੀ।




## ਗੁੱਡੀ ਫੂਕਣਾ - ਮੀਂਹ ਨੂੰ ਸੱਦਾ ਦੇਣ ਵਾਲਾ ਅਨੋਖਾ ਪੇਂਡੂ ਲੋਕ-ਉਤਸਵ



ਜਦੋਂ ਸਾਉਣ ਮਹੀਨਾ ਤਾਂ ਆ ਜਾਂਦਾ ਪਰ ਬੱਦਲ ਵਰ੍ਹਨ ਤੋਂ ਰੁੱਸ ਜਾਂਦੇ, ਧਰਤੀ ਤਪਦੀ ਰਹਿੰਦੀ , ਹਰੇਕ ਪ੍ਰਾਣੀ ਗਰਮੀ ਵਿੱਚ ਝੁਲਸਣ ਲੱਗਦਾ ਤੇ ਨਜ਼ਰਾਂ ਅਸਮਾਨ ਉੱਤੇ ਟਿਕ ਜਾਂਦੀਆਂ, ਉਦੋਂ ਪੰਜਾਬ ਦੇ ਪਿੰਡਾਂ ਵਿੱਚ ਮੀਂਹ ਨੂੰ ਸੱਦਾ ਦੇਣ ਲਈ ਇੱਕ ਅਨੋਖੀ ਲੋਕ-ਰਸਮ ਹੁੰਦੀ ਸੀ-'ਗੁੱਡੀ ਫੂਕਣਾ'। ਇਹ ਰਸਮ ਪਿੰਡ ਦੀ ਸਾਂਝ, ਭਾਈਚਾਰੇ ਅਤੇ ਕੁਦਰਤ ਨਾਲ਼ ਜੁੜੇ ਵਿਸ਼ਵਾਸ ਦਾ ਜੀਵੰਤ ਪ੍ਰਤੀਕ ਸੀ। ਅੱਜ ਵੀ ਯਾਦ ਹੈ ਕਿ ਸਾਡੀ ਪੱਤੀ 'ਪੱਤੀ ਹਮੀਰ ਕੀ' ਦੀ ਅਗਵਾਈ ਸੰਤੋ ਨੈਣ ਕਰਦੀ ਸੀ। ਉਸ ਦੀ ਅਵਾਜ਼ ਸੁਣਦੇ ਹੀ ਵੱਡੀਆਂ, ਛੋਟੀਆਂ, ਮੁਟਿਆਰਾਂ ਤੇ ਨਿੱਕੀਆਂ ਬੱਚੀਆਂ ਇਕੱਠੀਆਂ ਹੋ ਜਾਂਦੀਆਂ। ਤਿੰਨ-ਚਾਰ ਦਿਨ ਤੱਕ ਘਰ-ਘਰ ਜਾ ਕੇ ਕਣਕ, ਖੰਡ, ਗੁੜ, ਪੈਸੇ ਅਤੇ ਹੋਰ ਸਾਮਾਨ ਇਕੱਠਾ ਕੀਤਾ ਜਾਂਦਾ। ਕਿਸੇ ਦੇ ਦਰਵਾਜ਼ੇ ਤੋਂ ਕੋਈ ਖਾਲੀ ਨਹੀਂ ਮੁੜਦਾ ਸੀ ਕਿਉਂ ਕਿ ਇਹ ਸਾਰੇ ਪਿੰਡ ਦਾ ਸਾਂਝਾ ਕਾਰਜ ਹੁੰਦਾ ਸੀ।ਦਿਨ ਵੇਲੇ ਇਹ ਤਿਆਰੀਆਂ ਚਲਦੀਆਂ ਤੇ ਸ਼ਾਮ ਢਲਦਿਆਂ ਪਿੱਪਲਾਂ-ਬੋਹੜਾਂ ਹੇਠ ਤੀਆਂ ਲੱਗਦੀਆਂ। ਗਿੱਧੇ ਦੀਆਂ ਬੋਲੀਆਂ, ਤਮਾਸ਼ੇ,ਪੀਂਘਾਂ ਝੂਟਦੀਆਂ ਮੁਟਿਆਰਾਂ ਦੇ ਗੀਤਾਂ ਨਾਲ਼ ਪੂਰਾ ਪਿੰਡ ਚਹਿਕ ਉੱਠਦਾ ਸੀ। ਫਿਰ ਉਹ ਦਿਨ ਆਉਂਦਾ ਜਿਸ ਦੀ ਸਭ ਨੂੰ ਉਡੀਕ ਹੁੰਦੀ। ਗੁੱਡੀ ਬਣਾ ਕੇ ਤਿਆਰ ਕੀਤੀ ਜਾਂਦੀ ਤੇ ਰੋਂਦਿਆਂ ਪਿੱਟਦਿਆਂ ਸਿੜ੍ਹੀ ਉੱਤੇ ਪਾ ਕੇ ਚਾਰ ਜਵਾਨ ਮੁੰਡੇ ਮੋਢਿਆਂ ਉੱਤੇ ਚੁੱਕਦੇ ਅਤੇ ਸਾਰੇ ਪਿੰਡ ਦੀਆਂ ਕੁੜੀਆਂ, ਬੱਚੇ, ਬਜ਼ੁਰਗ, ਔਰਤਾਂ ਤੇ ਮਰਦ ਉਨ੍ਹਾਂ ਦੇ ਪਿੱਛੇ-ਪਿੱਛੇ ਖੇਤਾਂ ਵੱਲ ਤੁਰ ਪੈਂਦੇ। ਔਰਤਾਂ ਪੂਰੇ ਰਸਤੇ ਰੋਂਦੀਆਂ ਪਿੱਟਦੀਆਂ ਜਾਂਦੀਆਂ ਤੇ ਨਿਸ਼ਚਿਤ ਕੀਤੀ ਥਾਂ 'ਤੇ ਪਹੁੰਚ ਕੇ ਗੁੱਡੀ ਦਾ ਪੂਰਾ ਸਿਆਪਾ ਕੀਤਾ ਜਾਂਦਾ। ਇਹ ਸਿਆਪਾ ਦੁੱਖ ਦਾ ਨਹੀਂ ਸਗੋਂ ਬੱਦਲਾਂ ਨੂੰ ਵਰ੍ਹਨ ਲਈ ਕੀਤੀ ਇੱਕ ਲੋਕ-ਅਰਦਾਸ ਹੀ ਹੁੰਦਾ ਸੀ। ਫਿਰ ਗੁੱਡੀ ਨੂੰ ਅੱਗ ਹਵਾਲੇ ਕਰ ਦਿੱਤਾ ਜਾਂਦਾ ਅਤੇ ਹਰ ਚਿਹਰੇ 'ਤੇ ਇਹ ਆਸ ਹੁੰਦੀ ਕਿ ਹੁਣ ਇੰਦਰ ਦੇਵਤਾ ਜ਼ਰੂਰ ਮਿਹਰ ਕਰਨਗੇ। ਕੁੜੀਆਂ ਮੁੰਡੇ ਗਾਉਂਦੇ, 'ਅੱਡੀਆਂ ਘਸਾ ਕੇ ਜਾਵਾਂਗੇ, ਮੀਂਹ ਪਵਾ ਕੇ ਜਾਵਾਂਗੇ'। ਰਸਮ ਮੁੱਕਦਿਆਂ ਹੀ ਮਾਹੌਲ ਮੇਲੇ ਵਿੱਚ ਬਦਲ ਜਾਂਦਾ।ਕੜਾਹ,ਮਿੱਠੇ ਚੌਲ,ਗੁਲਗੁਲੇ, ਪੂੜੇ ਅਤੇ ਕਈ ਵਾਰ ਗਰਮਾ-ਗਰਮ ਜਲੇਬੀਆਂ ਦਾ ਖੁੱਲ੍ਹਾ ਭੰਡਾਰਾ ਲੱਗਦਾ। ਖੇਤਾਂ ਵਿੱਚ ਕੰਮ ਕਰਦੇ ਜੱਟ, ਸੀਰੀ, ਪਾਲ਼ੀ, ਰਾਹਗੀਰ ਹਰ ਕੋਈ ਇੱਕੋ ਪੰਗਤ ਵਿੱਚ ਬੈਠ ਕੇ ਪ੍ਰਸ਼ਾਦ ਛਕਦਾ। ਉਸ ਪੰਗਤ ਵਿੱਚ ਨਾ ਕੋਈ ਅਮੀਰ ਹੁੰਦਾ ਸੀ ਨਾ ਗਰੀਬ।ਨਾ ਊਚ-ਨੀਚ ਦਾ ਭੇਦ, ਨਾ ਕੋਈ ਵਿਤਕਰਾ।ਸਿਰਫ਼ ਪਿਆਰ, ਮੁਹੱਬਤ ਤੇ ਆਪਣਾਪਣ।

ਅੱਜ ਵਿਗਿਆਨ ਨੇ ਮੌਸਮ ਦੀ ਭਵਿੱਖਬਾਣੀ ਸਿਖਾ ਦਿੱਤੀ ਹੈ ਪਰ ਉਹ ਲੋਕ-ਰਸਮਾਂ, ਉਹ ਸਾਂਝਾਂ, ਉਹ ਤੀਆਂ ਦੀਆਂ ਰੌਣਕਾਂ, ਉਹ ਘਰ-ਘਰ ਦਾ ਪਿਆਰ ਅਤੇ ਉਹ ਖੁੱਲ੍ਹੇ ਭੰਡਾਰੇ ਕਿਤੇ ਪਿੱਛੇ ਰਹਿ ਗਏ ਹਨ। 'ਗੁੱਡੀ ਫੂਕਣਾ' ਰੱਬ ਤੋਂ ਸਿਰਫ਼ ਮੀਂਹ ਮੰਗਣ ਦੀ ਰਸਮ ਨਹੀਂ ਸੀ, ਇਹ ਪਿੰਡ ਦੇ ਦਿਲ ਦੀ ਧੜਕਣ ਸੀ ਜੋ ਹਰ ਸਾਉਣ ਮਹੀਨੇ ਵਿੱਚ ਲੋਕਾਂ ਨੂੰ ਇੱਕ-ਦੂਜੇ ਦੇ ਹੋਰ ਨੇੜੇ ਲਿਆਉਂਦੀ ਸੀ।ਕਾਸ਼! ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਇਹਨਾਂ ਲੋਕ-ਰਸਮਾਂ ਨਾਲ਼ ਜਾਣੂ ਕਰਵਾਇਆ ਜਾਵੇ ਤਾਂ ਜੋ ਉਹ ਜਾਣ ਸਕਣ ਕਿ ਪੰਜਾਬ ਦੇ ਮਹਾਨ ਵਿਰਸੇ ਦੀ ਅਸਲ ਦੌਲਤ ਇਹ ਰਿਵਾਜ ਵੀ ਹਨ ਜੋ ਲੋਕਾਂ ਦੇ ਦਿਲਾਂ ਨੂੰ ਆਪਸ ਵਿੱਚ ਜੋੜਦੇ ਸਨ।



## ਸਿਕੰਦਰ

ਤਰਾਸ਼ ਲੈ ਆਪਣੇ ਅੰਦਰ ਨੂੰ
ਮੰਨ ਅੰਦਰ ਛੁਪੇ ਕੰਜਰ ਨੂੰ

ਹਾਰਾਂ ਜਿੱਤਾਂ ਤੋਂ ਡਰਦੇ ਨੂੰ
ਭਟਕਦੇ ਇਸ ਸਿਕੰਦਰ ਨੂੰ

ਮੁਲਾਂ ਦੀ ਇਸ ਮਸਜਿਦ ਨੂੰ
ਭਗਵੇਂ ਰੰਗਾਂ ਦੇ ਮੰਦਰ ਨੂੰ

ਇਨਸਾਨਾਂ ਦੀ ਕਦਰ ਨਾ ਜਾਣੇ
ਪੂਜਦਾ ਫਿਰਦਾ ਏ ਡੰਗਰ ਨੂੰ

ਨਾ ਗੀਤਾ ਬੁਰੀ ਨਾ ਕੁਰਾਨ ਦੀ ਆਇਤ
ਨਾ ਮੁਹੰਮਦ ਨੂੰ ਬੋਲ ਨਾ ਰਾਮ ਚੰਦਰ ਨੂੰ

ਆਸ ਰੱਖੀ ਇਕ ਦਿਨ ਚਮਕਣ ਗੇ
ਢਾਵੀਂ ਨਾ ਮਕਾਨ ਹੋਏ ਖੰਡਰ ਨੂੰ

ਬਹਾਰਾਂ ਦੇ ਆਉਣ ਦੀ ਉਡੀਕ ਚ
ਰੱਖ ਸਾਂਭ ਕੇ ਜਮੀਨ ਬੰਜਰ ਨੂੰ

ਤਰਾਸ਼ ਲੈ ਆਪਣੇ ਅੰਦਰ ਨੂੰ
ਮੰਨ ਅੰਦਰ ਛੁਪੇ ਕੰਜਰ ਨੂੰ




## ਗ਼ਜ਼ਲ

ਕੁੜੀਆਂ ਚਿੜੀਆਂ ਨੇ ਅੱਜ ਤੀਆਂ ਲਾਈਆਂ ਨੇ,
ਸਾਉਣ ਮਹੀਨੇ ਪਿੱਪਲੀਂ ਪੀਂਘਾਂ ਪਾਈਆਂ ਨੇ।

ਮਾੜੇ ਦੇ ਪਰਛਾਵੇਂ ਤੋਂ ਹਰ ਕੋਈ ਡਰਦਾ,
ਚੰਗੇ ਨੇ ਸਭ ਥਾਈਂ ਇੱਜ਼ਤਾਂ ਪਾਈਆਂ ਨੇ।

ਤਕੜੇ ਬੰਦੇ ਦੇ ਔਗੁਣ ਵੀ ਗੁਣ ਬਣ ਜਾਂਦੇ,
ਮਾੜੇ ਧੀੜੇ ਦੀਆਂ ਨਾ ਸੁਣਵਾਈਆਂ ਨੇ।

ਪੜ੍ਹਿਆਂ ਲਿਖਿਆਂ ਨੇ ਦਿੱਲੀ ਵਿੱਚ ਲਾਏ ਧਰਨੇ
ਅਨਪੜ੍ਹ ਲੋਕਾਂ ਨੇ ਡਾਂਗਾਂ ਵਰਸਾਈਆਂ ਨੇ।

ਲਾਲਚ ਨੇ ਭਾਈਚਾਰੇ ਨੂੰ ਲੁੱਟਿਆ ਪੁੱਟਿਆ,
ਸਾਂਝੇ ਵਿਹੜੇ ਵਿੱਚ ਕੰਧਾਂ ਚਿਣਵਾਈਆਂ ਨੇ।

ਕਈਆਂ ਨੂੰ ਲੱਗਣ ਭਾਵੇਂ ਕੌੜੀਆਂ ਗੱਲਾਂ ,
ਪਰ ਆਪਾਂ ਤਾਂ ਸੱਚੀਆਂ ਆਖ ਸੁਣਾਈਆਂ ਨੇ।

ਪੇਪਰ ਹੋਏ ਲੀਕ ਕਲੇਰ ਵਿਕੀਆਂ ਜ਼ਮੀਰਾਂ,
ਚਾਰ ਚੁਫੇਰੇ ਮੱਚੀਆਂ ਹਾਲ ਦੁਹਾਈਆਂ ਨੇ।




## ਗ਼ਜ਼ਲ

ਬਣਦਾ ਕੋਈ ਸਬੱਬ ਨੀ,ਸੁਣਦਾ।
ਬੁੱਲ੍ਹਿਆ ਸਾਡੀ ਰੱਬ ਨੀਂ ਸੁਣਦਾ।

ਕੰਧਾਂ ਦੇ ਵੀ ਕੰਨ ਹੁੰਦੇ ਨੇ,
ਕੀ ਹੋਇਆ ਜੇ ਰੱਬ ਨੀਂ ਸੁਣਦਾ।

ਸੰਖ ਵਜਾਵਾਂ ,ਟੱਲ ਖੜਕਾਵਾਂ,
ਰੌਲਾ ਪਾਵਾਂ , ਰੱਬ ਨੀਂ ਸੁਣਦਾ।

ਮੰਦਿਰ,ਮਸਜਿਦ,ਚਰਚ,ਗੁਰੂਘਰ ,
ਭੱਜ ਭੱਜ ਜਾਵਾਂ,ਰੱਬ ਨੀਂ ਸੁਣਦਾ।

ਬਾਹਰ ਕਿਤੇ ਨੀ ਦਿਸਦਾ ,ਅੰਦਰ
'ਵਾਜਾਂ ਮਾਰਾਂ,, ਰੱਬ ਨੀਂ ਸੁਣਦਾ।

ਮਨ ਦਾ ਇਹ ਹੈ ਭਰਮ ਭੁਲੇਖਾ,
ਕਹਿ ਨਾ 'ਜੀਵਨ',ਰੱਬ ਨੀਂ ਸੁਣਦਾ।

ਨੇਰ੍ਹ ਨਹੀਂ ਹੈ ਉਸ ਦੇ ਘਰ ਵਿੱਚ,
ਕਹਿ ਨਾ 'ਜੀਵਨ',ਰੱਬ ਨੀਂ ਸੁਣਦਾ ।




## ਗ਼ਜ਼ਲ

ਤੂੰ ਦੀਪਕ ਆਪਣੇ ਮਸਤਕ
ਜਗਾ, ਤੇਰਾ ਭਲਾ ਹੋਵੇ।
ਰਹੀਂ ਮਘਦਾ ਤੇ ਹੋਰਾਂ ਨੂੰ
ਮਘਾ , ਤੇਰਾ ਭਲਾ ਹੋਵੇ।

ਕਦੇ ਰੀਲਾਂ 'ਚੋਂ ਤੂੰ ਚਿਹਰਾ
ਹਟਾ, ਤੇਰਾ ਭਲਾ ਹੋਵੇ
ਸਮਾਂ ਨਾ ਕੀਮਤੀ ਐਵੇਂ
ਗਵਾ, ਤੇਰਾ ਭਲਾ ਹੋਵੇ।

ਜਰੂਰੀ ਨਹੀਂ ਕਿ ਹਰ ਗ਼ਮ
ਚੀਖ਼ ਕੇ ਬੋਲੇ ਮਿਰੇ ਯਾਰਾ,
ਖ਼ਮੋਸ਼ੀ ਦੀ ਵੀ ਤੂੰ ਸਮਝੀਂ
ਅਦਾ , ਤੇਰਾ ਭਲਾ ਹੋਵੇ।

ਕਦੇ ਲੱਗਦਾ ਸੀ ਬਚਪਨ,
ਇਸ ਸਿਆਣਪ ਤੋਂ ਕਿਤੇ ਚੰਗਾ,
ਸੰਭਾਲੀ ਦਿਲ 'ਚ ਰੱਖੀਂ
ਉਹ ਸ਼ੁਦਾਅ,ਤੇਰਾ ਭਲਾ ਹੋਵੇ।

ਜੇ ਚਾਹੁੰਨੈ ਆਪਣੇ ਹੱਕ ਤੂੰ ,
ਨਾ ਚੁੱਕ ਹਥਿਆਰ 'ਪੰਜਾਬੀ',
ਹੈ ਤਾਕਤਵਰ ਕਲ਼ਮ ਤੇਰੀ,
ਉਠਾ , ਤੇਰਾ ਭਲਾ ਹੋਵੇ।







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਰੀ ਆਨਲਾਈਨ ਮੈਗਜ਼ੀਨ

ਅੰਕ- 09 **ਅਦਬੀ ਵਿਰਾਸਤ** 20

538 - 632, ਸਥਾਪਨਾ ਦਸੂਹਾ ,20/07/2026 ਤੋਂ 26/07/2026 ( ਨਾਨਕਸ਼ਾਹੀ ਸੰਮਤ 11 ਸਾਵਣ 558) adbivirsat@gmail.com


## ਮਿੰਨੀ ਕਹਾਣੀ

## ਰੱਖੜੀ ਦਾ ਖਾਲੀ ਵਿਹੜਾ

ਰਮਨ ਦੀ ਵਿਆਹ ਤੋਂ ਬਾਅਦ ਇਹ ਪਹਿਲੀ ਰੱਖੜੀ ਸੀ, ਤੇ ਉਸਨੂੰ ਏਨਾ ਚਾਅ ਸੀ ਕਿ ਰੱਖੜੀ ਵਾਲੇ ਦਿਨ ਸਵੇਰੇ ਹੀ ਤਿਆਰ ਹੋ ਗਈ ਸੀ। ਹੱਥ ਵਿੱਚ ਇੱਕ ਛੋਟੀ ਜਿਹੀ ਥਾਲੀ ਸੀ, ਜਿਸ ਵਿੱਚ ਰੱਖੜੀ, ਚੌਲ ਅਤੇ ਮਿੱਠਾਈ ਦਾ ਡੱਬਾ ਰੱਖਿਆ ਸੀ। ਰਾਹ ਭਰ ਉਸਦੇ ਮਨ ਵਿੱਚ ਬਚਪਨ ਦੀਆਂ ਯਾਦਾਂ ਘੁੰਮਦੀਆਂ ਰਹੀਆਂ।

ਉਹੀ ਵੀਰ, ਜੋ ਕਦੇ ਉਸਦੇ ਰੋਣ ਤੋਂ ਪਹਿਲਾਂ ਹੀ ਉਸਦੇ ਹੰਝੂ ਪੂੰਝ ਦਿੰਦਾ ਸੀ।

ਉਹੀ ਵੀਰ, ਜੋ ਮਾਂ ਦੇ ਗੁਜ਼ਰਨ ਤੋਂ ਬਾਅਦ ਉਸ ਲਈ ਮਾਂ ਵੀ ਬਣਿਆ ਤੇ ਪਿਉ ਵੀ।

ਪਰ ਅੱਜ ਜਦੋਂ ਉਹ ਪੇਕੇ ਘਰ ਦੀ ਦਹਿਲੀਜ਼ 'ਤੇ ਪਹੁੰਚੀ ਤਾਂ ਨਾ ਕਿਸੇ ਨੇ ਖੁਸ਼ੀ ਜਤਾਈ, ਨਾ ਕਿਸੇ ਨੇ ਗਲ ਨਾਲ ਲਾਇਆ।

"ਆ ਗਈ ਕੁੜੀਏ?"

ਭਰਜਾਈ ਦੇ ਮੂੰਹੋਂ ਨਿਕਲੇ ਇਹ ਸ਼ਬਦ ਰਮਨ ਦੇ ਦਿਲ ਵਿੱਚ ਤੀਰ ਵਾਂਗ ਲੱਗੇ। ਵਿਆਹ ਨੂੰ ਸਾਲਾਂ ਹੋ ਗਏ ਸਨ, ਪਰ ਭਰਜਾਈ ਨੇ ਕਦੇ ਉਸਨੂੰ ਉਸਦੇ ਨਾਮ ਨਾਲ ਨਹੀਂ ਬੁਲਾਇਆ ਸੀ।

ਰਮਨ ਨੇ ਨਜ਼ਰਾਂ ਵੀਰ ਵੱਲ ਕੀਤੀਆਂ।

"ਵੀਰ ਜੀ, ਸਤਿ ਸ੍ਰੀ ਅਕਾਲ।"

"ਸਤਿ ਸ੍ਰੀ ਅਕਾਲ।"

ਬਸ ਇੰਨਾ ਹੀ। ਨਾ ਹਾਲ ਪੁੱਛਿਆ, ਨਾ ਬੈਠਣ ਲਈ ਆਖਿਆ, ਨਾ ਪਾਣੀ ਦਾ ਗਿਲਾਸ।

ਰਮਨ ਚੁੱਪਚਾਪ ਬੈਠੀ ਰਹੀ। ਦਿਲ ਵਾਰ-ਵਾਰ ਕਹਿ ਰਿਹਾ ਸੀ ਕਿ ਸ਼ਾਇਦ ਹੁਣ ਵੀਰ ਕੋਲ ਆਵੇਗਾ, ਪਹਿਲਾਂ ਵਾਂਗ ਸਿਰ 'ਤੇ ਹੱਥ ਫੇਰੇਗਾ, ਪੁੱਛੇਗਾ, "ਮੇਰੀ ਭੈਣ ਕਿਵੇਂ ਏ?"

ਪਰ ਕੁਝ ਨਾ ਹੋਇਆ। ਰਮਨ ਕੰਬਦੇ ਹੱਥਾਂ ਨਾਲ ਰੱਖੜੀ ਬੰਨ੍ਹਣ ਲਈ ਵੀਰ ਕੋਲ ਗਈ ।

"ਪਰ ਵੀਰ ਨੇ ਰਮਨ ਨੂੰ ਕਿਹਾ ਕਿ ਹੁਣ ਕਿ ਕਰਨਾ ਇਹ ਧਾਗੇ ਦਾ ਇਹ ਤਾ ਆਪਣੇ ਗੁਰੂ ਗ੍ਰੰਥ ਸਾਹਿਬ ਵਿੱਚ ਰੀਤ ਰਿਵਾਜ਼ ਹੀ ਨਹੀਂ ।" ਰਮਨ ਨੂੰ ਝਟਕਾ ਲੱਗਿਆ, ਓਹ ਕੰਬਣ ਲੱਗੀ ਤੇ ਡਿੱਗਦੀ ਡਿੱਗਦੀ ਮੰਝੇ ਤੇ ਬਹਿ ਗਈ ।

ਵੀਰਾ ਉੱਠ ਕੇ ਬਾਹਰ ਚਲਾ ਗਿਆ ।

ਉਸਨੂੰ ਲੱਗਿਆ ਜਿਵੇਂ ਮਾਂ ਦੇ ਨਾਲ ਹੀ ਸਭ ਰਿਸ਼ਤੇ ਖ਼ਤਮ ਹੋ ਗਏ ਹੋਣ ।

ਉਸਨੇ ਆਪਣਾ ਆਪਾਂ ਸੰਭਾਲਿਆਂ ਤੇ ਥੋੜ੍ਹੀ ਦੇਰ ਬਾਅਦ ਉਹ ਬਾਹਰ ਵੇਹੜੇ ਵਿੱਚ ਆ ਗਈ। ਵੇਹੜੇ ਦੇ ਕੋਨੇ ਵਿੱਚ ਤੂਤ ਦਾ ਪੁਰਾਣਾ ਦਰੱਖਤ ਅਜੇ ਵੀ ਖੜ੍ਹਾ ਸੀ।ਰਮਨ ਉਸਦੇ ਕੋਲ ਗਈ ਤੇ ਉਸਨੂੰ ਜੱਫੀ ਪਾ ਲਈ।

"ਮਾਂ... ਵੇਖ ਤੇਰੀ ਧੀ ਆਈ ਏ।"

ਹੰਝੂ ਆਪੇ ਹੀ ਵਹਿ ਤੁਰੇ।

"ਮਾਂ, ਤੂੰ ਹੁੰਦੀ ਤਾਂ ਅੱਜ ਮੈਨੂੰ ਏਦਾਂ ਨਾ ਜਾਣ ਦਿੰਦੀ।"

ਉਸਨੇ ਦਰੱਖਤ ਦੇ ਤਣੇ ਨੂੰ ਚੁੰਮਿਆ ਤੇ ਫਿਰ ਘਰ ਦੀਆਂ ਕੰਧਾਂ ਨੂੰ ਹੱਥ ਲਾਉਣ ਲੱਗ ਪਈ। ਹਰ ਕੰਧ ਵਿੱਚ ਉਸਨੂੰ ਮਾਂ ਦੀ ਪਰਛਾਈ ਦਿਸਦੀ ਸੀ।"ਮਾਂ... ਇੱਕ ਵਾਰ ਆ ਜਾ। ਮੈਂ ਬਹੁਤ ਥੱਕ ਗਈ ਹਾਂ।"

ਉਹ ਕੰਧ ਨਾਲ ਸਿਰ ਲਾ ਕੇ ਰੋ ਰਹੀ ਸੀ ਕਿ ਅਚਾਨਕ ਪਿੱਛੋਂ ਆਵਾਜ਼ ਆਈ।

"ਰਮਨ!"

ਉਹ ਮੁੜੀ।

ਦੀਪਾ ਖੜ੍ਹਾ ਸੀ।

"ਕੀ ਹੋਇਆ? ਤੂੰ ਰੋ ਕਿਉਂ ਰਹੀ ਏਂ?"

ਰਮਨ ਨੇ ਅੱਖਾਂ ਪੂੰਝੀਆਂ।

"ਕੁਝ ਨਹੀਂ।"

"ਮੈਨੂੰ ਨਾ ਕਹਿ ਕੁਝ ਨਹੀਂ। ਮੈਂ ਤੇਰੇ ਚਿਹਰੇ ਤੋਂ ਪੜ੍ਹ ਸਕਦਾ ਹਾਂ।"

ਇੰਨਾ ਸੁਣਦੇ ਹੀ ਰਮਨ ਦਾ ਸਬਰ ਟੁੱਟ ਗਿਆ।

"ਦੀਪਾ... ਮੇਰਾ ਘਰ ਖੋ ਗਿਆ।"

"ਕੀ ਮਤਲਬ?"

"ਜਿੱਥੇ ਮੈਂ ਜੰਮੀ, ਜਿੱਥੇ ਮਾਂ ਦੀਆਂ ਯਾਦਾਂ ਨੇ, ਅੱਜ ਉੱਥੇ ਮੈਂ ਮਹਿਮਾਨ ਵੀ ਨਹੀਂ ਰਹੀ।"

ਦੀਪਾ ਨੇ ਉਸਦਾ ਹੱਥ ਫੜਿਆ। "ਚੱਲ ਮੇਰੇ ਘਰ।"

ਘਰ ਪਹੁੰਚ ਕੇ ਰਮਨ ਨੇ ਆਪਣਾ ਸਾਰਾ ਦੁੱਖ ਸੁਣਾ ਦਿੱਤਾ।

ਦੀਪਾ ਚੁੱਪਚਾਪ ਸੁਣਦਾ ਰਿਹਾ। ਫਿਰ ਹੌਲੀ ਜਿਹੇ ਬੋਲਿਆ, "ਤੈਨੂੰ ਯਾਦ ਏ, ਜਦੋਂ ਮੈਂ ਨਿੱਕਾ ਹੁੰਦਾ ਸੀ ਤਾਂ ਤੂੰ ਮੈਨੂੰ ਗੋਦੀ ਚੁੱਕ ਕੇ ਸਾਰਾ ਪਿੰਡ ਘੁੰਮਾਉਂਦੀ ਸੀ?"ਰਮਨ ਦੀਆਂ ਅੱਖਾਂ ਭਿੱਜ ਗਈਆਂ।

"ਯਾਦ ਏ।""ਤੇ ਹਰ ਰੱਖੜੀ ਮੈਨੂੰ ਵੀ ਰੱਖੜੀ ਬੰਨ੍ਹਦੀ ਸੀ।"

"ਹਾਂ।"

ਦੀਪਾ ਨੇ ਆਪਣਾ ਗੁੱਟ ਅੱਗੇ ਕਰ ਦਿੱਤਾ।

"ਫਿਰ ਅੱਜ ਵੀ ਬੰਨ੍ਹ ਦੇ।"

ਰਮਨ ਚੁੱਪ ਰਹੀ।

"ਅੱਜ ਤੋਂ ਜਦੋਂ ਦਿਲ ਕਰੇ, ਮੇਰੇ ਕੋਲ ਆ ਜਾਈਂ। ਮੈਂ ਤੇਰਾ ਵੀਰ ਨਹੀਂ ਬਣ ਸਕਦਾ, ਪਰ ਵੀਰ ਦੀ ਕਮੀ ਕਦੇ ਮਹਿਸੂਸ ਨਹੀਂ ਹੋਣ ਦੇਵਾਂਗਾ।"

ਰਮਨ ਫੁੱਟ ਪਈ।

"ਦੀਪਾ, ਮੈਨੂੰ ਕਿਸੇ ਦੇ ਪੈਸੇ ਨਹੀਂ ਚਾਹੀਦੇ। ਮੈਨੂੰ ਕੋਈ ਤੋਹਫ਼ਾ ਨਹੀਂ ਚਾਹੀਦਾ।"

"ਫਿਰ ਕੀ ਚਾਹੀਦਾ?"

"ਬਸ ਕਦੇ-ਕਦੇ ਆ ਕੇ ਮਿਲ ਜਾਇਆ ਕਰ। ਪੁੱਛ ਲਿਆ ਕਰ ਕਿ ਰਮਨ ਜਿਉਂਦੀ ਏ ਜਾਂ ਮਰ ਗਈ। ਮੇਰੇ ਲਈ ਏਨਾ ਹੀ ਬਹੁਤ ਏ।"

ਦੀਪਾ ਦੀਆਂ ਅੱਖਾਂ ਵੀ ਨਮ ਹੋ ਗਈਆਂ। "ਵਾਅਦਾ ਰਿਹਾ। ਜਦੋਂ ਤੱਕ ਮੈਂ ਸਾਹ ਲੈਂਦਾ ਹਾਂ, ਤੇਰੇ ਹਿੱਸੇ ਦਾ ਆਪਣਾਪਣ ਕਦੇ ਘੱਟ ਨਹੀਂ ਹੋਣ ਦੇਵਾਂਗਾ।"

ਰਮਨ ਨੇ ਰੱਖੜੀ ਚੁੱਕੀ ਅਤੇ ਦੀਪੇ ਦੇ ਗੁੱਟ 'ਤੇ ਬੰਨ੍ਹ ਦਿੱਤੀ।

ਉਸ ਵੇਲੇ ਉਹ ਦੋਵੇਂ ਰੋ ਰਹੇ ਸਨ। ਇੱਕ ਨੂੰ ਆਪਣੇ ਗੁਆਚੇ ਰਿਸ਼ਤੇ ਦਾ ਦੁੱਖ ਸੀ, ਤੇ ਦੂਜੇ ਨੂੰ ਉਸ ਦੁੱਖ ਦੀ ਚੁੱਭਣ ਮਹਿਸੂਸ ਹੋ ਰਹੀ ਸੀ।

ਕਈ ਵਾਰ ਖੂਨ ਦੇ ਰਿਸ਼ਤੇ ਦੂਰ ਹੋ ਜਾਂਦੇ ਹਨ, ਪਰ ਮੋਹ ਦੇ ਰਿਸ਼ਤੇ ਰੱਬ ਆਪ ਜੋੜ ਦਿੰਦਾ ਹੈ।

(ਜਾਰੀ)




## ਵਿਚਾਰ

ਓਹਲਾ...

ਚੰਗੀਆਂ ਗੱਲਾਂ ਦਾ ਕਦੀ ਓਹਲਾ ਨਾ ਰੱਖੋ। ਚੰਗਿਆਈ ਫੈਲਾਓ। ਸਮਾਜ ਨੂੰ ਸੋਹਣਾ ਬਨਾਉਣ 'ਚ ਬਨਦੀ ਹਿੱਸੇਦਾਰੀ ਜ਼ਰੂਰ ਪਾਓ॥ ਓਹਲਾ/ਹਲਾਰਾ ਦੇਣ ਵਾਲਿਆਂ ਦੀ ਸੰਗਤ ਕਰਦੇ ਰਹੋ। ਪਤਾ ਨਹੀਂ ਕਦੋ, ਕਿਸ ਤੋਂ ਜ਼ਿੰਦਗੀ ਦੀ ਉਡਾਰੀ ਨੂੰ ਓਹਲਾ ਦਿਵਾਉਣਾ ਪੈ ਜਾਵੇ। ਤੁਹਾਡੀ ਹਿੰਮਤ ਨੂੰ ਓਹਲੇ ਦੇ ਤੁਣਕਿਆਂ ਨੇ ਕਾਮਯਾਬੀ ਦੀ ਵਾਰਤਾ ਲਿਖਣ ਦੇ ਰਾਹ ਤੋਰ ਦੇਣੈ॥
ਬੱਚਿਆਂ ਦੀ ਕਾਮਯਾਈ ਬਚਪਨ ਤੋਂ ਹੀ ਘਰ ਦੇ ਕੰਮਾਂ 'ਚ ਜੁੱਟੇ ਰਹਿਣ 'ਚ ਹੁੰਦੀ ਹੈ। ਬੱਚਿਆਂ ਤੋਂ ਆਮਦਨ ਖਰਚ ਦਾ ਓਹਲਾ ਰੱਖ ਕੇ ਚੱਲੋਗੇ ਤਾਂ ਬੱਚੇ ਜ਼ਿੰਮੇਵਾਰੀਆਂ ਤੋਂ ਪਛੜਦੇ ਜਾਣਗੇ॥

ਕੱਲਰ...

ਕਿਸਾਨੀ ਦੀ ਨਿਹਚਾ ਨਾਲ ਕੀਤੀ ਮੁਸ਼ੱਕਤ ਇੱਕ ਦਿਨ ਕੱਲਰੀ ਜ਼ਮੀਨ ਨੂੰ ਵੀ ਜ਼ਰਖੇਜ਼ ਬਣਾ ਹੀ ਲੈਂਦੀ ਹੈ। ਕਿਸਾਨੀ ਦੀ ਬੱਲੇ ਬੱਲੇ। ਹਿੰਮਤ ਏ ਮਰਦਾ ਮੱਦਦ ਏ ਖ਼ੁਦਾ॥
ਸਿੱਧੀ ਨੀਤ, ਪੱਕਾ ਨਿਸਚਾ, ਚੰਗੀ ਸੰਗਤ ਅਤੇ ਸ਼ਪੱਸ਼ਟ ਟੀਚਾ ਲਗਾਤਾਰ ਬਣੇ ਰਹਿਣ ਤਾਂ ਬੰਦਾ ਜ਼ਿੰਦਗੀ ਨੂੰ ਕੱਲਰਫੁੱਲ ਬਨਾਉਣ 'ਚ ਦੇਰ ਨਹੀਂ ਲਾਉਂਦਾ। ਸਮੱਸਿਆਵਾਂ ਦੇ ਵਿੱਚ ਵੜੋ ਤਾਂ ਸਭ ਹੱਲ ਆਪਣੇ ਆਪ ਮਿਲਦੇ ਜਾਣਗੇ॥ ਵਕਤ ਨਾਲ ਜੀਵਨ ਨੂੰ ਕਲਰ ਫੁੱਲ ਬਣਾਉਂਦੇ ਜਾਓ ਤਾਂ ਖੁਸ਼ੀਆਂ ਖੇੜਿਆਂ ਨਾਲ ਝੋਲੀਆਂ ਭਰਦੀਆਂ ਰਹਿੰਦੀਆਂ ਨੇ॥




## ਤੁਹਾਨੂੰ ਪਿੰਡ ਦਿਖਾਈਏ

ਆਓ ਸ਼ਹਿਰੀ ਬੱਚਿਓ! ਤੁਹਾਨੂੰ ਪਿੰਡ ਦਿਖਾਈਏ।
ਜ਼ਿੰਦਗੀ ਜਿਉਂਦੇ ਕਿਸ ਤਰਾਂ , ਕੁੱਝ ਚਾਨਣਾ ਪਾਈਏ।

"ਅੰਮ੍ਰਿਤ ਵੇਲਾ ਹੋ ਗਿਆ ਉੱਠ ਜਾਵੋ ਭਾਈ! "
ਗੁਰੂਦੁਆਰਿਓਂ ਭਾਈ ਜੀ ਨੇ ਸੱਦ ਲਗਾਈ।
ਗੁਰੂਘਰਾਂ ਵੱਲ ਅਹੁਲ ਪਏ ਕਈ ਲੋਕ ਸਿਆਣੇ।
ਜਾਗੇ ਮੀਚੀ ਹੋ ਗਏ ਕਈ ਬਾਲ ਨਿਆਣੇ।

ਔਰਤਾਂ ਚੁੱਲੇ- ਚੌਂਕਿਆਂ ਵਿੱਚ ਅੱਗ ਭਖਾਈ।
ਦੁੱਧ ਰਿੜਕਣੀ ਲਾ ਕਈਆਂ ਨੇ ਚਾਹ ਬਣਾਈ।
ਪਸ਼ੂਆਂ ਤਾਂਈ ਹਰੇ ਚਾਰੇ ਦਾ ਭੋਜਨ ਦਿੱਤਾ।
ਚਾਹ ਪੀ, ਸਾਫ਼ ਸਫ਼ਾਈ ਦਾ ਨਿਪਟਾਰਾ ਕੀਤਾ।

ਫੇਰ ਜਗਾਇਆ ਬੱਚਿਆਂ ਨੂੰ ਵਾਰੋ- ਵਾਰੀ।
ਨਹਾ ਧੋ, ਦੇ ਕੇ ਨਾਸ਼ਤਾ; ਇਉਂ ਗੱਲ ਉਚਾਰੀ।
ਚਲੋ ਸਕੂਲੀ ਬੱਸ ਕੋਲ ਤੁਹਾਨੂੰ ਛੱਡ ਆਈਏ।
ਫੇਰ ਆਣ ਕੇ ਬਾਕੀ ਦੇ ਕਾਰਜ ਨਿਪਟਾਈਏ।

ਸਬਜੀ, ਲੱਸੀ, ਦਹੀਂ ਅਤੇ ਕੋਈ ਦਾਲ ਕਰਾਰੀ।
ਨਾਲ ਭਾਰੀਆਂ ਰੋਟੀਆਂ , ਜਾਂ ਕੋਈ ਤਰਕਾਰੀ।
ਖਾ ਕੇ ਆਪੋ ਆਪਣੇ ਕੰਮੀ ਜੁੱਟ ਜਾਣਾ।
ਇਹੋ ਤਰੀਕਾ ਜਿਉਣ ਦਾ ਹੈ ਯੁੱਗਾਂ ਪੁਰਾਣਾ।

ਜੋੜ ਟਰੈਕਟਰ ਖੇਤ ਨੂੰ ਚੱਲਦੀ ਕਿਰਸਾਣੀ।
ਨੌਕਰੀਆਂ 'ਤੇ ਨਿੱਕਲ ਪੈਂਦੇ ਕਈ ਮਰਦ, ਸੁਆਣੀ।
ਖੇਤਾਂ ਵਿੱਚ ਹਰਿਆਲੀਆਂ ਸੰਗ ਰੌਣਕ ਲੱਗਦੀ।
ਮੁੜਕਾ ਚੋਂਦਾ ਕਿਰਤੀਆਂ ਦੀ ਮਿਹਨਤ ਵੱਗਦੀ।

ਵਿਹਲੜ ਬਹਿ ਕੇ ਤਾਸ਼ ਦੀ ਕਈ ਲਾਉਂਦੇ ਬਾਜੀ।
ਸਿਆਸੀ ਗੱਲਾਂ ਨਾਲ ਕਈ ਕਰਦੇ ਰੂਹ ਰਾਜੀ।
ਖੇਡਣ ਵਾਲੇ ਖੇਡਦੇ ਮੈਦਾਨ ਚ ਜਾ ਕੇ।
ਦਾਰੂ ਪੀ ਕਈ ਆਂਵਦੇ ਨਿੱਤ ਮੂੰਹ ਭਨਾ ਕੇ।

ਨਾਲ ਮੁਹੱਬਤਾਂ, ਜੀਂਵਦੇ ਸੱਭ ਮਾਈ ਭਾਈ।
ਹਿੰਦੂ, ਮੁਸਲਿਮ, ਸਿੱਖ ਜਾਂ ਕੋਈ ਈਸਾਈ।
ਇੱਕ ਦੂਜੇ ਦੀ ਖੁਸ਼ੀ ਵਿੱਚ ਹਨ ਰਲ ਮਿਲ ਗਾਉਂਦੇ।
ਦੁੱਖ- ਦਰਦ ਵੀ ਬੱਚਿਓ! ਰਲ ਕੇ ਵੰਡਾਉਂਦੇ।

ਸਾਦੀ, ਸਰਲ, ਸਜੀਵ ਜਿਹੀ ਸਾਡੀ ਜ਼ਿੰਦਗਾਨੀ।
ਪਰ ਸਾਡੀ ਜਗਦੀਸ਼! ਹੈ ਇੱਕ ਬਾਣ ਪੁਰਾਣੀ।
ਨਾ ਡਰ ਦੇਈਏ ਕਿਸੇ ਨੂੰ, ਨਾ ਕਿਸੇ ਤੋਂ ਡਰੀਏ।
ਹੱਕ, ਸੱਚ, ਇਨਸਾਫ ਦੀ ਸਦਾ ਹਾਮੀ ਭਰੀਏ।




## ਸੁੰਨੇ ਰਾਹ

ਪੰਛੀ ਵੀ ਘਰਾਂ ਨੂੰ ਪਰਤ ਗਏ,
ਸੁੰਨੇ ਰਾਹ ਰਾਹੀਆਂ ਨੂੰ ਤਰਸ ਰਹੇ।
ਲੱਗੇ ਬੱਦਲ ਵੀ ਉਦਾਸ ਨੇ ਅੱਜ,
ਘਰ ਮੇਰਾ ਛੱਡ ਹੋਰ ਥਾਂ ਵਰਸ ਰਹੇ।

ਬੂਹੇ 'ਤੇ ਖੜ੍ਹ ਉਡੀਕਾਂ ਮੈਂ,
ਮੇਰੇ ਤਨ-ਮਨ ਅੰਦਰੋਂ ਤੜਫ਼ ਰਹੇ।
ਨਾ ਦਿੱਤੀ ਕਿਸੇ ਨੇ ਖ਼ਬਰ ਮੈਨੂੰ,
ਨਾ ਕੋਈ ਮੇਰੇ 'ਤੇ ਤਰਸ ਕਰੇ।

ਨਾ ਕੰਨਾਂ ਨੂੰ ਸੁਣੇ ਬੋਲ ਕੋਈ,
ਨਾਜਾਇਜ਼ ਮੇਰੇ ਨਾਲ ਹਰਖ ਤੇਰੇ।
ਨਾ ਦੂਰ ਦਿਸੇ, ਨਾ ਕੋਲ ਕੋਈ,
ਨਾ ਹੋਰ ਸਬਰ, ਤੂੰ ਪਰਖ ਮੇਰੇ।

ਇਹ ਗਰਮ ਹਵਾਵਾਂ ਕਰ ਠੰਡੀਆਂ ,
'ਅੰਗਰੇਜ਼'ਬਣ ਕੇ ਬੱਦਲ ਵਰਸ ਕਦੇ।
ਐਵੇਂ ਨਾ ਸੱਜਣਾ ਪਾ ਵੰਡੀਆਂ,
ਤੂੰ ਆਪਣਾ ਬਣ ਕੇ ਵਰਤ ਕਦੇ।








ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



## ਜਿਉਂਦੇ ਬੰਦੇ ਨੂੰ ਸੁੱਟਣ ਚ ਤੇ ਮਰੇ ਬੰਦੇ ਨੂੰ ਚੁੱਕਣ ਵਿੱਚ ਲੋਕਾਂ ਦਾ ਏਕਾ ਕਿਉਂ?

ਵਿਤਕਰਾ ਜੀਵਨ ਦੇ ਵਿਚ ਇਕ ਅਜਿਹੀ ਲਾਹਨਤ ਹੈ, ਜਿਸ ਨੂੰ ਜਿੰਨਾ ਮਰਜ਼ੀ ਨਿੰਦ ਲਉ, ਉਹਨਾਂ ਹੀ ਘੱਟ ਹੋਵੇਗਾ। ਇਨਸਾਨੀ ਜੀਵਨ ਨੂੰ ਇਹ ਇਕ ਜੋਕ ਵਾਂਗ ਚਮੜਿਆਂ ਹੋਇਆ ਹੈ। ਜਿਉਂਦਿਆਂ ਇਹ ਵਿਤਕਰਾ ਇੰਨਾ ਜ਼ਿਆਦਾ ਕੀਤਾ ਜਾਂਦਾ ਹੈ ਕਿ ਦੂਸਰੇ ਨੂੰ ਥੱਲੇ ਪੈਰਾਂ ਵਿਚ ਸੁੱਟਣ ਦੀ ਪੂਰੀ ਵਾਹ ਲਾ ਦਿੱਤੀ ਜਾਂਦੀ ਹੈ। ਝੂਠੇ ਆਦਮੀਆਂ ਦੀ ਕਤਾਰ ਵਿੱਚ ਵਾਧਾ ਸੱਚ ਦੀ ਕਤਾਰ ਤੋਂ ਪਹਿਲਾਂ ਹੁੰਦਾ ਹੈ। ਝੂਠਾਂ ਦੀ ਟੋਲੀਆਂ ਵੇਖਣ ਨੂੰ ਸੋਹਣੀਆਂ ਲੱਗਦੀਆਂ ਹਨ,ਪਰ ਹਵਾ ਦੇ ਬੁੱਲਿਆਂ ਵਾਂਗ ਪਤਾ ਨਹੀਂ ਕਦੋਂ ਉਡ ਜਾਣਾਂ ਹੈ। ਅੱਜ ਦੇ ਸਮੇਂ ਵਿੱਚ ਇਕ ਦੂਸਰੇ ਨੂੰ ਭੰਡਣਾ, ਨੀਵਾਂ ਦਿਖਾਉਣਾ, ਹੇਠਾਂ ਸੁੱਟਣਾ ਆਮ ਗੱਲ ਹੈ। ਲੜਾਈ ਦੇ ਦੌਰਾਨ ਇੱਕ ਦਮ ਇਕੱਠ ਬਣ ਜਾਂਦਾ ਹੈ। ਅਤੇ ਅੰਤ ਵਿਚ ਮਨੁੱਖੀ ਮੌਤ ਤੇ ਮਤਲਬੀ ਸਵਾਰਥੀ ਇਕੱਤਰਤਾ ਜਲਦੀ ਹੋ ਜਾਂਦੀ ਹੈ। ਉਸੇ ਜਿਉਂਦੇ ਇਨਸਾਨ ਨੂੰ ਸਾਰਿਆਂ ਵਲੋਂ ਹੇਠਾਂ ਸੁੱਟਣਾ ਮਨੁੱਖ ਆਪਣਾਂ ਫਰਜ਼ ਸਮਝਦਾਂ ਹੈ।ਚੰਗੇ ਪੱਧਰੇ ਰਸਤੇ ਤੁਹਾਡੇ ਨਾਲ ਗਿਣਤੀ ਦੇ ਰਾਹੀਂ ਹੋਣਗੇ।

ਕਿਸੇ ਦੁਖ ਦਰਦ ਵਿਚ ਸ਼ਾਮਿਲ ਹੋਣਾ ਇੱਕ ਚੰਗਾ ਸਾਰਥਿਕ ਕਦਮ ਹੈ।ਪਰ ਸਵਾਰਥ ਦਾ ਬੋਲਬਾਲਾ ਜੀਵਨ ਨੂੰ ਨਰਕਾਂ ਦਾ ਅੰਜ਼ਾਮ ਬਣ ਜ਼ਿੰਦਗੀ ਫਿੱਕੀ ਜਿਹੀ ਘੜ ਦਿੰਦਾ ਹੈ। ਮਤਲਬੀ ਸਵਾਰਥੀ ਇਕੱਤਰਤਾ ਨੇ ਅੱਜ ਸਮਾਜ ਨੂੰ ਝੂਠਾ ਫੋਕਾ ਮੇਲੇ ਦਾ ਰੂਪ ਦਿੱਤਾ ਹੈ।ਇਉ ਹੀ ਮਨੁੱਖ ਨੂੰ ਇਹ ਸਵਾਰਥਾਂ ਦੀ ਜ਼ਹਿਰੀਲੀ ਜੋਕ ਨੇ ਮਤਲਬੀ ਝੂਠੀ ਇਕੱਤ੍ਰਤਾ ਨੂੰ ਅੰਜਾਮ ਦਿੱਤਾ ਹੈ। ਅਤੇ ਇਹ ਏਕਤਾ ਮਨੁੱਖੀ ਜੀਵਨ ਵਾਸਤੇ ਹਾਨੀਕਾਰਕ ਸਿੱਧ ਹੁੰਦੀ ਹੈ ਅਤੇ ਸਮਾਜਿਕ ਤੰਤਰ ਨੂੰ ਮਜ਼ਬੂਤੀ ਦੀ ਥਾਂ ਕਮਜ਼ੋਰ ਕਰ ਰਹੀ ਹੈ।




## ਗੀਤ ਕੁਦਰਤ ਦੀ ਫੁਲਵਾੜੀ

ਕੁਦਰਤ ਦੀ ਇਸ ਫੁੱਲਵਾੜੀ ਨੂੰ--
ਧਰਤੀ ਹੇਠਲਾ ਪਾਣੀ ਜੇਕਰ,
ਏਸੇ ਤਰ੍ਹਾਂ ਹੀ ਹੇਠਾਂ ਜਾਵੇਗਾ।
ਕੁਦਰਤ ਦੀ ਇਸ ਫੁੱਲਵਾੜੀ ਨੂੰ,
ਫਿਰ ਦੱਸੋ ਕੌਣ ਬਚਾਵੇਗਾ?

ਜੀਵ -ਜੰਤੂਆਂ ਬੂਟਿਆਂ ਦੀ,
ਜ਼ਿੰਦ- ਜਾਨ ਲੋਕੋ ਪਾਣੀ ਹੈ।
ਮੁਫਤ'ਚ ਮਿਲੀ ਸੌਗਾਤ ਦੀ,
ਕਦਰ ਤੁਸਾਂ ਨਾ ਜਾਣੀ ਹੈ।
ਬੂੰਦ-ਬੂੰਦ ਨੂੰ ਵੀ ਤਰਸਾਂ ਗੇ,
ਇੱਕ ਦਿਨ ਐਸਾ ਆਵੇਗਾ।
ਕੁਦਰਤ ਦੀ ਇਸ ਫੁੱਲਵਾੜੀ ਨੂੰ.........।

ਕਿੰਨਾ ਪਾਣੀ ਹਰ ਰੋਜ਼ ਲੋਕੋ,
ਅੰਜਾਈਂ ਤੁਸੀਂ ਗਵਾਉਂਦੇ ਹੋ।
ਪਵਿੱਤਰ ਪਾਣੀ ਪਲੀਤ ਕਰਕੇ,
ਪ੍ਰਦੂਸ਼ਣ ਕਿਵੇਂ ਫੈਲਾਉਂਦੇ ਹੋ।
ਪਾਣੀ ਨਾ ਜੇ ਮਿਲਿਆ ਏਥੇ,
ਕਿਹੜਾ ਫਸਲ ਉਗਾਵੇਗਾ।
ਕੁਦਰਤ ਦੀ ਇਸ ਫੁੱਲਵਾੜੀ ਨੂੰ.........।

ਰੁੱਖਾਂ ਦੀ ਕਟਾਈ ਦੇ ਕਾਰਨ,
ਵਰਖਾ ਵੀ ਘਟਦੀ ਜਾਂਦੀ ਏ।
ਵਰਖਾ ਦੇ ਹੀ ਘਟਣ ਕਾਰਨ,
ਗਰਮੀ ਵੀ ਵਧਦੀ ਜਾਂਦੀ ਏ।
ਗਰਮੀ ਜਦੋਂ ਬਹੁਤੀ ਵਧਗੀ,
ਸਭ ਮਾਰੂਥਲ ਬਣ ਜਾਵੇਗਾ।
ਕੁਦਰਤ ਦੀ ਇਸ ਫੁੱਲਵਾੜੀ ਨੂੰ.........।

ਆਉਣ ਵਾਲ਼ੀਆਂ ਪੀੜ੍ਹੀਆਂ ਲੋਕੋ,
ਮੁਆਫ ਕਦੇ ਨਾ ਕਰਨਗੀਆਂ।
ਤੁਹਾਡੀਆ ਬੱਜਰ ਗਲਤੀਆਂ ਨੂੰ,
'ਤਲਵੰਡੀ' ਕਿਵੇਂ ਜਰਨਗੀਆਂ।
ਓਦੋਂ ਸੋਚਿਆਂ ਕੁੱਝ ਨਾ ਬਣਨਾ,
ਮਾੜਾ ਵਕਤ ਜਦੋਂ ਵੀ ਆਵੇਗਾ।
ਕੁਦਰਤ ਦੀ ਇਸ ਫੁੱਲਵਾੜੀ ਨੂੰ..........।




## ਸ਼ੀਸ਼ਾ ੦੩

## ਔਕਾਤ ਦਾ ਸੱਚ

ਕਈ ਲੋਕਾਂ ਨੂੰ ਆਦਤ ਹੀ ਹੁੰਦੀ ਹੈ, ਕਿ ਹਰ ਵੇਲੇ ਇਹ ਕਹੀ ਜਾਣਗੇ, 'ਮੇਰੇ ਸਾਹਮਣੇ ਤੇਰੀ ਕੀ ਔਕਾਤ ਹੈ?' ਪਰ ਮਨੁੱਖੀ ਜੀਵਨ ਵਿੱਚ "ਔਕਾਤ" ਦਾ ਮਤਲਬ ਹੈ ਆਪਣੀ ਹੱਦ, ਆਪਣੀ ਸਥਿਤੀ ਅਤੇ ਆਪਣੀ ਸਮਝ। ਜਦੋਂ ਕੋਈ ਵਿਅਕਤੀ ਆਪਣੀ ਔਕਾਤ ਤੋਂ ਵੱਧ ਰੋਅਬ ਦਿਖਾਉਂਦਾ ਹੈ, ਤਾਂ ਉਹ ਨਾ ਸਿਰਫ਼ ਆਪਣੇ ਆਪ ਨੂੰ ਨੁਕਸਾਨ ਪਹੁੰਚਾਉਂਦਾ ਹੈ, ਸਗੋਂ ਸਮਾਜ ਵਿੱਚ ਵੀ ਆਪਣੀ ਇੱਜ਼ਤ ਗੁਆ ਬੈਠਦਾ ਹੈ।

ਔਕਾਤ ਤੋਂ ਵੱਧ ਰੋਅਬ ਦਿਖਾਉਣ ਨਾਲ ਅਹੰਕਾਰ ਪੈਦਾ ਹੁੰਦਾ ਹੈ।

ਲੋਕ ਅਜਿਹੇ ਵਿਅਕਤੀ ਤੋਂ ਦੂਰ ਹੋ ਜਾਂਦੇ ਹਨ, ਜੋ ਹਮੇਸ਼ਾ ਆਪਣੀ ਔਕਾਤ ਤੋਂ ਵੱਧ ਦਿਖਾਵਾ ਕਰਦਾ ਹੈ।

ਰੋਅਬ ਅਕਸਰ ਹਕੀਕਤ ਨੂੰ ਓਹਲੇ ਕਰਦਾ ਹੈ, ਜਿਸ ਨਾਲ ਵਿਅਕਤੀ ਦੀ ਅਸਲੀ ਪਹਿਚਾਣ ਖਤਮ ਹੋ ਜਾਂਦੀ ਹੈ। ਲੋਕਾਂ ਵਿੱਚ ਭਰੋਸਾ ਘਟ ਜਾਂਦਾ ਹੈ।

ਕਈ ਵਾਰ ਰੋਅਬ ਦਿਖਾਉਣ ਲਈ ਵਿਅਕਤੀ ਜ਼ਰੂਰਤ ਤੋਂ ਵੱਧ ਖਰਚ ਕਰਦਾ ਹੈ, ਜਿਸ ਨਾਲ ਕਰਜ਼ੇ ਵਿੱਚ ਫਸ ਜਾਂਦਾ ਹੈ। ਹਮੇਸ਼ਾ ਦਿਖਾਵੇ ਦੀ ਚਿੰਤਾ ਕਰਨ ਨਾਲ ਮਨੁੱਖੀ ਮਨ ਵਿੱਚ ਤਣਾਅ ਅਤੇ ਅਸੰਤੁਸ਼ਟੀ ਪੈਦਾ ਹੁੰਦੀ ਹੈ। ਵਿਅਕਤੀ ਆਪਣੀ ਅਸਲੀ ਔਕਾਤ ਅਤੇ ਸਾਦਗੀ ਨੂੰ ਭੁੱਲ ਜਾਂਦਾ ਹੈ।

ਔਕਾਤ ਦਾ ਰੋਅਬ ਅਸਥਾਈ ਹੈ, ਪਰ ਇਸ ਦੇ ਨੁਕਸਾਨ ਲੰਬੇ ਸਮੇਂ ਤੱਕ ਰਹਿੰਦੇ ਹਨ। ਸਾਦਗੀ, ਨਿਮਰਤਾ ਅਤੇ ਸੱਚਾਈ ਹੀ ਉਹ ਗੁਣ ਹਨ ਜੋ ਮਨੁੱਖ ਨੂੰ ਸਮਾਜ ਵਿੱਚ ਇੱਜ਼ਤ ਦਿਵਾਉਂਦੇ ਹਨ।

---




## ਕਹਾਣੀ-ਕੰਧਾਂ ਵਰਗੇ ਲੋਕ

ਸੁਖਵੀਰ ਤੇ ਉਸ ਦੀ ਪਤਨੀ ਜਦੋਂ ਦਿੱਲੀ ਤੋਂ ਹਵਾਈ ਜਹਾਜ਼ ਵਿੱਚ ਬੈਠੇ ਸਨ,ਤਾਂ ਉਹਨਾਂ ਦੋਹਾਂ ਦੇ ਮਨਾ ਵਿੱਚ ਇੱਕ ਅਜੀਬ ਕਿਸਮ ਦੀ ਖੁਸ਼ੀ ਸੀ । ਸੁਖਵੀਰ ਭਾਵੇਂ ਪਹਿਲਾ ਵੀ ਪੰਜ ਸੱਤ ਵਾਰ ਇੰਗਲੈਂਡ ਆਪਣੇ ਵੱਡੇ ਭਰਾ ਕ੍ਰਿਸ਼ਨ ਕੋਲ ਜਾ ਚੁੱਕਾ ਸੀ,ਪਰ ਇਸ ਵਾਰ ਉਹ ਪਹਿਲੀ ਵਾਰ ਆਪਣੀ ਪਤਨੀ ਰਾਜ ਰਾਣੀ ਨੂੰ ਨਾਲ ਲੈ ਜਾ ਕੇ ਰਿਹਾ ਸੀ । ਉਹ ਦੋਵੇਂ ਅੱਧਖੜ ਉਮਰ ਦੇ ਸਨ । ਇੰਗਲੈਂਡ ਵਿੱਚ ਉਸਦੇ ਭਰਾ ਦੇ ਪੋਤੇ ਦਾ ਵਿਆਹ ਸੀ । ਜਦੋਂ ਇੰਗਲੈਂਡ ਪੁੱਜੇ, ਤਾਂ ਹਵਾਈ ਅੱਡੇ ਤੇ ਉਹਨਾਂ ਨੂੰ ਲੈਣ ਲਈ ਕੋਈ ਨਾ ਪੁੱਜਾ । ਸੁਖਦੇਵ ਨੇ ਕਿਹਾ,"ਵਿਆਹ ਕਰਕੇ ਸਾਰੇ ਕੰਮਾਂ ਵਿੱਚ ਲੱਗੇ ਹੋਣਗੇ । ਇਸ ਲਈ ਕੋਈ ਨਹੀਂ ਆਇਆ ।" ਉਸਨੇ ਏਅਰਪੋਰਟ ਤੋਂ ਆਪਣੇ ਵੱਡੇ ਭਰਾ ਨੂੰ ਫੋਨ ਕੀਤਾ, ਤਾਂ ਉਸਨੇ ਕਿਹਾ,"ਛੋਟੇ ! ਤੂੰ ਉੱਥੇ ਹੀ ਰੁਕੀ, ਮੈਂ ਹੁਣੇ ਕਿਸੇ ਨੂੰ ਭੇਜਦਾ ।" ਉਸਨੇ ਝੱਟ ਆਪਣੇ ਛੋਟੇ ਮੁੰਡੇ ਨੂੰ ਫੋਨ ਕੀਤਾ ਕਿਉਂਕਿ ਉਸ ਦਾ ਘਰ ਏਅਰਪੋਰਟ ਦੇ ਨੇੜੇ ਸੀ ।

ਪਰ ਉਸਨੇ ਇਹ ਕਹਿ ਕਿ ਜਾਣ ਤੋਂ ਇਨਕਾਰ ਕਰ ਦਿੱਤਾ,"ਪਾਪਾ, ਇਹ ਵਿਆਹ ਤਾਂ ਵੱਡੇ ਬਾਈ ਦੇ ਮੁੰਡੇ ਦੇ ਆਏ ਨੇ । ਤੁਸੀਂ ਐਵੇਂ ਸਾਡੇ ਗਲ਼ ਨਾ ਪਾ ਦਿਓ ।"ਇਸ 'ਤੇ ਕ੍ਰਿਸ਼ਨ ਸਿੰਘ ਨੂੰ ਬਹੁਤ ਗੁੱਸਾ ਆਇਆ ਤੇ ਉਸਨੇ ਆਪਣੇ ਮੁੰਡੇ ਨੂੰ ਗਾਲਾਂ ਕੱਢ ਕੇ ਫੋਨ ਰੱਖ ਦਿੱਤਾ ਤੇ ਖੁਦ ਏਅਰਪੋਰਟ ਆਪਣੇ ਛੋਟੇ ਭਰਾ ਤੇ ਭਰਜਾਈ ਨੂੰ ਲੈਣ ਚਲਾ ਗਿਆ। ਜਦੋਂ ਸੁਖਵੀਰ ਤੇ ਉਸ ਦੀ ਪਤਨੀ ਵਿਆਹ ਵਾਲੇ ਘਰ ਗਏ,ਤਾਂ ਉਹ ਦੋ ਕੁ ਰਾਤਾਂ ਹੀ ਉੱਥੇ ਰਹੇ ਹੋਣਗੇ,ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਜਿਨਾਂ ਦੇ ਉਹ ਵਿਆਹ 'ਤੇ ਇੰਨੀ ਦੂਰੋਂ ਆਏ ਨੇ ਉਹ ਵੀ ਉਹਨਾਂ ਨੂੰ ਆਪਣੇ ਘਰ ਰੱਖਣਾ ਨਹੀਂ ਚਾਹੁੰਦੇ ਤੇ ਉਹ ਕ੍ਰਿਸ਼ਨ ਚੰਦ ਦੇ ਨਾਲ ਉਹਦੇ ਘਰ ਚਲੇ ਗਏ ।ਕ੍ਰਿਸ਼ਨ ਦੇ ਭਾਵੇਂ ਦੋ ਮੁੰਡੇ ਸਨ । ਪਰ ਫਿਰ ਵੀ ਉਹ ਅੱਡ-ਅੱਡ ਘਰਾਂ ਵਿੱਚ ਰਹਿੰਦੇ ਸਨ ਤੇ ਕ੍ਰਿਸ਼ਨ ਅੱਡ। ਉਸ ਦੀ ਪਤਨੀ ਪੰਜ ਕੁ ਸਾਲ ਪਹਿਲਾਂ ਹੀ ਮਰ ਚੁੱਕੀ ਸੀ । ਸੁਖਵੀਰ ਆਪਣੇ ਵੱਡੇ ਭਰਾ ਦੇ ਕਹਿਣ 'ਤੇ ਆਪਣੀ ਪਤਨੀ ਨਾਲ ਉਸਦੇ ਘਰ ਚਲਾ ਗਿਆ । ਕ੍ਰਿਸ਼ਨ ਆਪ ਰੋਟੀਆਂ ਪਕਾਉਂਦਾ ਸੀ । ਸੁਖਵੀਰ ਦੀ ਪਤਨੀ ਨੇ ਜਦੋਂ ਇਹ ਦੇਖਿਆ, ਤਾਂ ਉਸਨੇ ਕਿਹਾ,"ਭਾਜੀ, ਪਹਿਲਾਂ ਭਾਵੇਂ ਤੁਸੀਂ ਰੋਟੀਆਂ ਆਪ ਪਕਾਉਂਦੇ ਸੀ , ਪਰ ਜਦੋਂ ਤੱਕ ਮੈਂ ਇੱਥੇ ਆਂ, ਤੁਸੀਂ ਕਿਸੇ ਵੀ ਕੰਮ ਨੂੰ ਹੱਥ ਨਹੀਂ ਲਾਉਣਾ ।"ਪਰ ਇਸ ਦੇ ਬਾਵਜੂਦ ਵੀ ਕ੍ਰਿਸ਼ਨ ਉਸਨੂੰ ਕਦੇ ਆਟਾ ਗੁੰਨ੍ਹ ਕੇ ਦੇ ਦਿੰਦਾ ਤੇ ਕਦੇ ਕਿਸੇ ਹੋਰ ਕੰਮ ਵਿੱਚ ਉਸਦਾ ਹੱਥ ਵਟਾ ਦਿੰਦਾ ।ਰਾਜ ਰਾਣੀ ਸੋਚ ਰਹੀ ਸੀ,"ਜਿਹੜੇ ਪੁੱਤ ਆਪਣੇ ਬੁੱਢੇ ਪਿਓ ਨੂੰ ਦੋ ਰੋਟੀਆਂ ਨਹੀਂ ਦੇ ਸਕਦੇ,ਉਹ ਇਕੱਲਾ ਰਹਿੰਦਾ ਐ । ਫਿਰ ਉਹ ਉਹਨਾਂ ਤੋਂ ਕੀ ਆਸ ਰੱਖ ਸਕਦੇ ਨੇ ।"ਸੁਖਵੀਰ ਨੂੰ ਉੱਥੇ ਕਿਸੇ ਕੋਠੀ ਵਿੱਚ ਰੰਗ ਕਰਨ ਦਾ ਕੰਮ ਮਿਲ ਗਿਆ । ਇਸ ਕਰਕੇ ਉਹ ਕੰਮ ਕਰਨ ਚਲਾ ਜਾਂਦਾ । ਕ੍ਰਿਸ਼ਨ ਭਾਵੇਂ ਸੁਖਦੇਵ ਦੀ ਪਤਨੀ ਨੂੰ ਆਪਣੀ ਧੀਆਂ ਵਰਗੀ ਸਮਝਦਾ ਸੀ, ਪਰ ਸੁਖਦੇਵ ਦੀ ਪਤਨੀ ਨੇ ਕਿਹਾ,"ਮੈਂ ਇੱਥੇ ਨਹੀਂ ਰਹਿਣਾ, ਤੁਸੀਂ ਕੋਈ ਹੋਰ ਬੰਦੋਬਸਤ ਕਰੋ । ਤੁਸੀਂ ਕੰਮ 'ਤੇ ਚਲੇ ਜਾਂਦੇ ਹੋ । ਜੇ ਭਾਜੀ ਦੇ ਪੁੱਤਾਂ-ਨੂੰਹਾਂ ਨੇ ਕੋਈ ਬਦਨਾਮੀ ਦੇ ਦਿੱਤੀ, ਤਾਂ ਮੈਂ ਤਾਂ ਜਿਉਂਦੇ ਜੀ ਮਰ ਜਾਣਾ ।"ਨਾਲੇ ਹਟਕੋਰੇ ਲੈਂਦਿਆਂ ਕਹਿਣ ਲੱਗੀ ,"ਕਲਿਆ ਦਾ ਮੂੰਹ ਈ ਕਾਲਾ ਹੁੰਦਾ । ਬਦਨਾਮੀ ਜਿੰਨੀ ਸੱਚੀ ਮਾੜੀ ਹੁੰਦੀ ਆਂ, ਉੰਨੀ ਹੀ ਝੂਠੀ ਵੀ ਮਾੜੀ ਈ ਹੁੰਦੀ ।"ਸੁਖਵੀਰ ਨੇ ਕਿਹਾ,"ਬਸ ਵਿਆਹ ਤੱਕ ਰੁੱਕ ਜਾਦੇ ਆਂ, ਫੇਰ ਮੈਂ ਕੋਈ ਹੋਰ ਟਿਕਾਣਾ ਦੇਖ ਲਊਂ ।"ਉਹ ਛੇ ਮਹੀਨੇ ਲਈ ਇੰਗਲੈਂਡ ਆਏ ਸਨ। ਉਹ ਵਾਪਸ ਵੀ ਨਹੀਂ ਸੀ ਮੁੜਨਾ ਚਾਹੁੰਦੇ, ਕਿਉਂਕਿ ਉਹ ਸੋਚ ਰਹੇ ਸਨ ਕਿ ਲੋਕ ਕੀ ਕਹਿਣਗੇ,"ਅਖੇ,ਏਨੀ ਜਲਦੀ ਆ ਗਏ ।ਭਰਾ ਦੇ ਮੁੰਡਿਆਂ ਨੇ ਰੱਖਿਆ ਨਹੀਂ ।"ਪੂਰੇ ਵਿਆਹ ਵਿੱਚ ਰਾਜ ਰਾਣੀ ਨੂੰ ਘਬਰਾਹਟ ਹੀ ਹੁੰਦੀ ਰਹੀ । ਉਹ ਸੋਚਦੀ ਸੀ ਕਿ ਕਿਹੜੀ ਘੜੀ ਹੋਵੇ ਕਿ ਉਹ ਉਸ ਘੁਟਨ ਭਰੇ ਮਾਹੌਲ ਚੋਂ ਦੂਰ ਚਲੀ ਜਾਵੇ ।ਉਸਨੂੰ ਰਹਿ ਰਹਿ ਕੇ ਉਹੀ ਦਿਨ ਯਾਦ ਆ ਰਹੇ ਸਨ, ਜਦੋਂ ਕ੍ਰਿਸ਼ਨ ਦਾ ਟੱਬਰ ਇੰਡੀਆ ਉਹਨਾਂ ਦੇ ਘਰ ਆਉਂਦੇ ਸਨ, ਤਾਂ ਉਹ ਤਾਂ ਉਹਨਾਂ ਲਈ ਹੱਥੀ ਛਾਵਾਂ ਕਰਦੇ ਸਨ ।ਪਰ ਇਹਨਾਂ ਨੂੰ ਉਹ ਭਾਰ ਲੱਗਦੇ ਨੇ ।ਸੁਖਵੀਰ ਵਲੈਤ ਵਿੱਚ ਪਹਿਲਾਂ ਵੀ ਜਾ ਚੁੱਕਾ ਸੀ । ਇਸ ਲਈ ਉਸਨੂੰ ਆਸਾਨੀ ਨਾਲ ਕਿਰਾਏ 'ਤੇ ਘਰ ਮਿਲ ਗਿਆ ।ਉਹ ਆਪਣੀ ਪਤਨੀ ਨੂੰ ਨਾਲ ਲੈ ਕੇ ਉਸ ਘਰ ਚਲਾ ਗਿਆ । ਜਦੋਂ ਉਹ ਜਾ ਰਹੇ ਸਨ,ਤਾਂ ਕਿਸੇ ਨੇ ਵੀ ਇੱਕ ਵਾਰ ਉਹਨਾਂ ਨੂੰ ਰੋਕਣ ਦੀ ਕੋਸ਼ਿਸ਼ ਤੱਕ ਨਾ ਕੀਤੀ ।

ਸਿਰਫ਼ ਕ੍ਰਿਸ਼ਨ ਦੀਆਂ ਅੱਖਾਂ ਵਿੱਚ ਅਫ਼ਸੋਸ ਤੇ ਸ਼ਰਮ ਦੇ ਹੰਝੂ ਸਨ ।ਉਹ ਉਹਨਾਂ ਨੂੰ ਰੋਕਣਾ ਚਾਹੁੰਦਾ ਸੀ,ਪਰ ਉਹ ਬੇਵਸ ਸੀ । ਉਹ ਸੋਚ ਰਹੇ ਸਨ ਕਿ ਇਹਨਾਂ ਕੰਧਾਂ ਵਰਗੇ ਲੋਕਾਂ ਤੋਂ ਹੋਰ ਆਸ ਵੀ ਕੀ ਰੱਖੀ ਜਾ ਸਕਦੀ ਹੈ । ਇਹ ਜਿਹੜੇ ਆਪਣੇ ਪਿਓ ਨੂੰ ਆਪਣੇ ਕੋਲ ਨਹੀਂ ਰੱਖ ਸਕਦੇ ਤਾਂ ਉਹ ਉਹਨਾਂ ਨੂੰ ਕਿਵੇਂ ਆਪਣੇ ਨਾਲ ਰੱਖ ਸਕਦੇ ਨੇ ।ਕ੍ਰਿਸ਼ਨ ਨੇ ਜਾਣ ਲੱਗਿਆਂ ਸੁਖਵੀਰ ਨੂੰ ਸਿਰਫ਼ ਇੰਨਾ ਕਿਹਾ,"ਸੁੱਖਿਆ, ਮੈਨੂੰ ਮਾਫ਼ ਕਰ ਦੇਈ, ਮੇਰੇ ਪੁੱਤਾਂ ਕਰਕੇ ਤੈਨੂੰ ਇੰਨਾ ਕੁੱਝ ਸਹਿਣਾ ਪਿਆ ।""ਅਸਲ ਵਿੱਚ ਇਹ ਉਹ ਕੰਧਾਂ ਨੇ,ਜਿਨਾਂ ਨੂੰ ਭਾਵੇਂ ਤੁਸੀਂ ਜਿੰਨਾ ਮਰਜ਼ੀ ਲਿਪ ਪੋਚ ਕੇ, ਸ਼ਿੰਗਾਰ ਸਵਾਰ ਕੇ ਰੱਖੋ,ਪਰ ਫੇਰ ਵੀ ਜੇ ਤੁਸੀਂ ਇਹਨਾਂ ਵੱਲ ਵਧੋਗੇ,ਤਾਂ ਸਿਰਫ ਇਹਨਾਂ ਨਾਲ ਟਕਰਾ ਕੇ ਚੋਟ ਹੀ ਖਾਓਗੇ।"






"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"




E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212



## ਤੇਰਾ ਆਪਣਾ ਹਾਸਾ

ਤੂੰ ਹੱਸਦੀ ਤਾਂ ਹੈਂ, ਪਰ ਮੈਂ ਤੇਰੀਆਂ ਅੱਖਾਂ ਵੀ ਪੜ੍ਹ ਲੈਂਦਾ ਹਾਂ,
ਇਨ੍ਹਾਂ ਵਿੱਚ ਚੁੱਪਚਾਪ ਬੈਠੇ ਸਵਾਲਾਂ ਨੂੰ ਵੀ ਸੁਣ ਲੈਂਦਾ ਹਾਂ।

ਤੇਰੇ ਹਾਸੇ ਪਿੱਛੇ ਲੁਕੀਆਂ ਥੱਕੀਆਂ ਸਾਹਾਂ ਦਾ ਅਹਿਸਾਸ ਹੁੰਦਾ ਹੈ,
ਜਿਵੇਂ ਕੋਈ ਦਰਦ ਅਜੇ ਵੀ ਬਾਹਰ ਆਉਣ ਦੀ ਆਸ ਰੱਖਦਾ ਹੈ।

ਕਦੇ ਉਹ ਭਾਰ ਵੀ ਹਵਾ ਦੇ ਹਵਾਲੇ ਕਰ ਦੇਈਂ,
ਕਦੇ ਆਪਣੇ ਦਿਲ ਨਾਲ ਵੀ ਦੋ ਘੜੀਆਂ ਗੱਲਾਂ ਕਰ ਲਈਂ।

ਫਿਰ ਇੱਕ ਦਿਨ ਉਹ ਹਾਸਾ ਵੀ ਹੱਸੀਂ ਜੋ ਸਿਰਫ਼ ਤੇਰਾ ਆਪਣਾ ਹੋਵੇ,
ਜਿਸ ਵਿੱਚ ਕੋਈ ਨਕਾਬ ਨਾ ਹੋਵੇ, ਕੋਈ ਚੁੱਪ ਨਾ ਹੋਵੇ—ਸਿਰਫ਼ ਤੂੰ ਹੋਵੇਂ।




## ਬਰਸਾਤੀ ਬਨਾਮ ਸਿਆਸੀ ਡੱਡੂ

ਬਰਸਾਤ ਵਿੱਚ ਡੱਡੂ ਆਉਂਦੇ ਵੀ ਹਨ।
ਕਰਕੇ ਟੈਂ ਟੈਂ ਗਾਉਂਦੇ ਵੀ ਹਨ।
ਛੱਪੜੀ ਕੰਢੇ ਸਾਉਣ ਮਹੀਨੇ,
ਨਵੀਂ ਉਮੀਦ ਜਗਾਉਂਦੇ ਵੀ ਹਨ।
ਨਵੇਂ ਰੰਗਾਂ ਦੇ ਸਮਝ ਖਿਡੌਣੇ,
ਬੱਚੇ ਹੱਥੀਂ ਉਠਾਉਂਦੇ ਵੀ ਹਨ।
ਹੱਥੋਂ ਬਾਹਰ ਚਲੇ ਜਾਣ ਤੇ,
ਸਾਥੀ ਗੁੱਸਾ ਦਿਖਾਉਂਦੇ ਵੀ ਹਨ।
ਨਾਗ ਦੇ ਮੂੰਹ ਵਿਚ ਚਲੇ ਜਾਣ ਦੇ,
ਡਰ ਤੋਂ ਉਸ ਸਮਝਾਉਂਦੇ ਵੀ ਹਨ।
ਚੋਣਾਂ ਦੇਖ ਸਿਆਸੀ ਡੱਡੂ,
ਛਲਾਂਘਾਂ ਖੂਬ ਲਗਾਉਂਦੇ ਵੀ ਹਨ।
ਬੁਰੇ ਸਮੇਂ ਜਿਸ ਸਿਰ ਪਲਦੇ,
ਟਰਰ ਟਰਰ ਦੋਸ਼ ਲਗਾਉਂਦੇ ਵੀ ਹਨ।
ਹਲਕਾ ਕਿਹੜਾ, ਮਿਲੂ ਟਿਕਟ ਕਿਹਨੂੰ,
ਜਿੱਤ ਦਾ ਹਿਸਾਬ ਲਗਾਉਂਦੇ ਵੀ ਹਨ।
ਸੱਤਾ ਸਿਆਸਤ ਪਾਰਟੀ ਆਗੂ,
ਨਵੇਂ ਨਵੇਂ ਖੇਡ ਖਿਡਾਉਂਦੇ ਵੀ ਹਨ।
ਕੱਟੜ ਇਮਾਨਦਾਰੀ ਦਾ ਤਗਮਾ,
ਰਿਸ਼ਵਤਖੋਰ ਗਲ ਪਾਉਂਦੇ ਵੀ ਹਨ।
ਵਿਕਾਸ, ਰੁਜਗਾਰ ਅਤੇ ਫਿਰਕੂ, ਜੁਮਲੇ,
ਨਸ਼ਿਆਂ ਰਾਗ ਸੁਣਾਉਂਦੇ ਵੀ ਹਨ।
ਮਤਲਬ ਸਿਰ ਤਾਂ ਗਧੇ ਨੂੰ ਪਿਉ ਮੰਨਦੇ,
ਮਤਲਬ ਪਿੱਛੋਂ ਪਿਉ ਨੂੰ ਗਧਾ ਬੁਲਾਉਂਦੇ ਵੀ ਹਨ।
ਸਿਆਸੀ ਨੇਤਾ ਵੀ ਲਾਲਚ ਵਿੱਚ,
ਇੱਧਰ ਉੱਧਰ ਡੱਡੂ ਛੜੱਪੇ ਲਾਉਂਦੇ ਵੀ ਹਨ।
ਭੱਕੂ ਮਾਜਰਾ ਸਿਆਸੀ ਡੱਡੂ ਮੱਚਲੇ,
ਸੱਚ ਸੁਣ ਕੇ ਮੁਸਕਰਾਉਂਦੇ ਵੀ ਹਨ।




## ਮਿੱਤਰ ਮੁਖੌਟੇ

ਮਿੱਤਰਾਂ ਦੇ ਸੋਹਣੇ ਭੇਸ ਵਿੱਚ, ਹੁਣ ਦੁਸ਼ਮਣ ਬੜੇ ਨੇ।
ਲੈ ਕੇ ਮੁਆਤੇ ਹੱਥ ਵਿੱਚ, ਅੱਗ ਲਾਉਣ ਲਈ ਖੜ੍ਹੇ ਨੇ।
ਉੱਤੋਂ ਮਿੱਠਾ ਬੋਲਦੇ, ਪਰ ਮੁਖੌਟੇ ਚੜ੍ਹੇ ਨੇ।
ਅਸੀਂ ਨਿਮਾਣੇ ਹੋ ਰਹੇ , ਇਨੀਂ ਗੰਡਾਸੇ ਫੜੇ ਨੇ।
ਰੱਬ ਹੀ ਜਾਣੇ ਦਿਲਾਂ ਵਿੱਚ, ਇਨ੍ਹਾਂ ਕੀ ਮਨਸੂਬੇ ਘੜੇ ਨੇ।
ਕੀ ਕੀ ਬੇ-ਸਿਰ ਪੈਰ ਦੇ, ਇਲਜ਼ਾਮ ਸਾਡੇ 'ਤੇ ਮੜ੍ਹੇ ਨੇ।
ਸਾਡੇ ਰਾਹੀਂ ਇਨ੍ਹਾਂ ਨੇ , ਕਈ ਕਿੱਲ ਨੋਕੀਲੇ ਜੜੇ ਨੇ।
ਅਸੀਂ ਪਕੜਿਆ ਸੱਚ ਨੂੰ, ਇਹ ਹੋਰ ਹੀ ਪੜ੍ਹੇ ਨੇ।
ਸਾਡੀ ਟੇਕ ਅਕਾਲ 'ਤੇ, ਇਨ੍ਹਾਂ ਦੇ ਕਈ ਧੜੇ ਨੇ।
ਅਸੀਂ ਧਾਰਿਆ ਨਾਮ ਨੂੰ , ਇਹ ਅੰਦਰੋਂ ਸੜੇ ਨੇ।
ਨਹੀਂ ਬਖ਼ਸ਼ਣਾ "ਸਹਿਜ" ਨੂੰ , ਇਹੋ ਜ਼ਿਦ 'ਤੇ ਅੜੇ ਨੇ।
ਜੋ ਲਿਖਿਆ ਸੋਈ ਹੋਵਣਾ, ਜੋ ਅੜੇ ਸਦਾ ਹੀ ਝੜੇ ਨੇ।
ਦੁਸ਼ਮਣ ਲੱਖਾਂ ਸੋਚਦੇ , ਕਰਮ ਸਦਾ ਹੀ ਲੜੇ ਨੇ।
ਦੇਖੋ ਨੰਗੇ ਸਿਰਾਂ 'ਤੇ , ਕਿਸ ਦੇ ਪੈਂਦੇ ਗੜ੍ਹੇ ਨੇ।




## ਜ਼ਾਲਮ

ਡੰਗੋਰੀ ਸਹਾਰੇ ਤੁਰਦੀ
ਬੇਬੇ ਗਈ ਸੀ ਸਕੂਲ ਉਸ ਦਿਨ,
ਮੋਢਿਆਂ ਤੋਂ ਫੜ ਬਾਪੂ ਨੂੰ
ਲੈ ਕੇ ਗਏ ਸਨ ਗੁਆਂਢੀ,
ਗੂੜ੍ਹੀ ਸਿਆਹੀ ਨਾਲ ਲਾਈ ਸੀ ਮੋਹਰ
ਤੇਰੇ ਚੋਣ ਨਿਸ਼ਾਨ ਤੇ।

ਉਹਨਾਂ ਨੂੰ ਆਸਾਂ ਸਨ
ਬੱਚਿਆਂ ਨੂੰ ਰੁਜਗਾਰ ਦੇਵੇਂਗਾ,
ਦੁਖੀਆਂ ਤੇ ਪੀੜ੍ਹਤਾਂ ਨੂੰ
ਨਿਆਂ ਤੇ ਹੱਕ ਇਨਸਾਫ਼ ਦੇਵੇਂਗਾ,
ਬਹਿ ਗਿਆ ਮੈਂ ਤਖ਼ਤ ਤੇ
ਲੋਕਾਂ ਦਾ ਬਣ ਕੇ ਰਹਿਬਰ।

ਆਏ ਸਾਂ ਦਰ ਤੇਰੇ ਤੇ
ਬੇਬੇ ਬਾਪੂ ਦੀਆਂ ਆਸਾਂ ਨੂੰ ਬੂਰ ਪਵੇਗਾ।
ਕੋਈ ਸ਼ੱਕ ਨਹੀਂ, ਦਿੱਤਾ ਬਹੁਤ ਕੁੱਝ ਐ,
ਡਾਂਗਾਂ, ਅੱਥਰੂ ਗੈਸ ਦੇ ਗੋਲੇ ਦਿੱਤੇ,
ਸਿਰ ਪਾੜੇ, ਸੜਕਾਂ ਤੇ ਘੜੀਸੇ,
ਧੀਆਂ ਨਾਲ ਕੀਤੀਆਂ ਅਸ਼ਲੀਲ ਹਰਕਤਾਂ।

ਸਾਨੂੰ ਤਾਂ ਇਲਮ ਸੀ, ਇਹੋ ਹੋਵੇਗਾ
ਅਸੀਂ ਜਾਣੂ ਸਾਂ
ਤੇਰੀਆਂ ਕਰਤੂਤਾਂ ਤੋਂ
ਸਾਮਰਾਜੀ ਸੋਚ ਤੋਂ
ਹੰਕਾਰੀ ਚਿਹਰੇ ਤੋਂ।
ਪਰ!
ਬੇਬੇ ਬਾਪੂ ਨਾ ਸਮਝ ਸਕੇ,
ਕਰ ਬੈਠੇ ਭਰੋਸਾ
ਜ਼ਾਲਮ ਨੂੰ ਆਪਣਾ ਸਮਝ ਕੇ।







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਹਫ਼ਤਾਵਾਰੀ ਆਨਲਾਈਨ ਮੈਗਜ਼ੀਨ
# ਅਦਬੀ ਵਿਰਾਸਤ
ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.)ਪੰਜਾਬ, ਓਵਰਸੀਜ਼ ਦਫ਼ਤਰ ਕੈਲਗਰੀ, ਕੈਨੇਡਾ, Email adbivirsat@gmail.com

# ਜਨਤਕ ਸੂਚਨਾ

## ਸਮੂਹ ਲੇਖਕਾਂ, ਪਾਠਕਾਂ ਅਤੇ ਸਾਹਿਤ-ਪ੍ਰੇਮੀਆਂ ਦੇ ਧਿਆਨ ਹਿੱਤ

ਅਦਾਰਾ "ਅਦਬੀ ਵਿਰਾਸਤ ਮੈਗਜ਼ੀਨ" ਅਤੇ ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.), ਪੰਜਾਬ ਆਪਣੀ ਸਪੱਸ਼ਟ ਅਤੇ ਨਿਰਵਿਵਾਦ ਨੀਤੀ ਅਨੁਸਾਰ ਇਹ ਐਲਾਨ ਕਰਦੇ ਹਨ ਕਿ ਅਦਾਰੇ ਵੱਲੋਂ ਕਿਸੇ ਵੀ ਲੇਖਕ ਦੀ ਰਚਨਾ ਪ੍ਰਕਾਸ਼ਿਤ ਕਰਨ, ਸਾਹਿਤਕ ਪ੍ਰਤੀਕਰਮ ਦੇਣ ਜਾਂ ਕਿਸੇ ਵੀ ਹੋਰ ਸਾਹਿਤਕ ਸੇਵਾ ਦੇ ਬਦਲੇ ਕਿਸੇ ਵੀ ਤਰ੍ਹਾਂ ਦੀ ਫ਼ੀਸ, ਚੰਦਾ ਜਾਂ ਆਰਥਿਕ ਰਕਮ ਨਹੀਂ ਲਈ ਜਾਂਦੀ। ਸਾਡਾ ਮਕਸਦ ਵਪਾਰ ਕਰਨਾ ਨਹੀਂ ਹੈ ਅਤੇ ਨਾ ਹੀ ਆਰਥਿਕ ਲਾਭ। ਸਾਡੀ ਇੱਕੋ-ਇੱਕ ਵਚਨਬੱਧਤਾ ਪੰਜਾਬੀ ਮਾਂ-ਬੋਲੀ ਦੀ ਸੇਵਾ, ਸਾਹਿਤਕ ਕਦਰਾਂ-ਕੀਮਤਾਂ ਅਤੇ ਸਾਹਿਤਿਕ ਵਿਰਾਸਤ ਦੀ ਸੰਭਾਲ਼ ਨਵੇਂ ਅਤੇ ਉਭਰਦੇ ਸਾਹਿਤਕਾਰਾਂ ਨੂੰ ਪਉਤਸ਼ਾਹ ਦੇਣਾ ਅਤੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਵੱਧ ਤੋਂ ਵੱਧ ਪਾਠਕਾਂ ਤੱਕ ਪਹੁੰਚਾਉਣਾ ਹੈ।

ਇਸ ਲਈ ਸਮੂਹ ਲੇਖਕਾਂ ਅਤੇ ਪਾਠਕਾਂ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਵਿਅਕਤੀ ਅਦਾਰੇ, "ਅਦਬੀ ਵਿਰਾਸਤ ਮੈਗਜ਼ੀਨ" ਜਾਂ ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ਜਾਂ ਪ੍ਰਬੰਧਕੀ/ਸੰਪਾਦਕੀ ਮੰਡਲ ਦਾ ਨਾਮ ਵਰਤ ਕੇ ਕਿਸੇ ਵੀ ਕਿਸਮ ਦੀ ਵਸਤੂ, ਰਕਮ ਜਾਂ ਕਿਸੇ ਕਿਸਮ ਦੇ ਲਾਭ ਦੀ ਮੰਗ ਕਰਦਾ ਹੈ ਜਾਂ ਵਸੂਲਦਾ ਹੈ, ਤਾਂ ਉਹ ਪੂਰੀ ਤਰ੍ਹਾਂ ਆਪਣੀ ਨਿੱਜੀ ਜ਼ਿੰਮੇਵਾਰੀ 'ਤੇ ਅਜਿਹਾ ਕਰ ਰਿਹਾ ਹੈ। ਅਦਾਰੇ ਦਾ ਅਜਿਹੇ ਵਿਅਕਤੀ ਜਾਂ ਉਸ ਦੀ ਕਾਰਵਾਈ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਅਦਾਰਾ ਇਸ ਦਾ ਸਖ਼ਤ ਵਿਰੋਧ ਕਰਦਾ ਹੈ।

ਸਮੂਹ ਲੇਖਕਾਂ ਅਤੇ ਪਾਠਕਾਂ ਨੂੰ ਬੇਨਤੀ ਹੈ ਕਿ ਅਜਿਹੀ ਕਿਸੇ ਵੀ ਘਟਨਾ ਦੀ ਜਾਣਕਾਰੀ ਤੁਰੰਤ ਅਦਾਰੇ ਦੇ ਪ੍ਰਬੰਧਕੀ ਜਾਂ ਸੰਪਾਦਕੀ ਮੰਡਲ ਦੇ ਹੇਠਾਂ ਦਿੱਤੇ ਸੰਪਰਕ ਨੰਬਰਾਂ ਤੇ ਰਾਬਤਾ ਕਰਕੇ ਜਾਣਕਾਰੀ ਪਹੁੰਚਾਈ ਜਾਵੇ, ਤਾਂ ਜੋ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।

**ਸਾਹਿਤ ਸੇਵਾ ਸਾਡਾ ਸੰਕਲਪ ਹੈ,ਵਪਾਰ ਨਹੀਂ**
**ਪੰਜਾਬੀ ਮਾਂ-ਬੋਲੀ ਦੀ ਸੇਵਾ ਹੀ ਸਾਡਾ ਧਰਮ ਹੈ**

ਵੱਲੋਂ :
ਪ੍ਰਬੰਧਕੀ ਅਤੇ ਸੰਪਾਦਕੀ ਮੰਡਲ
ਅਦਾਰਾ "ਅਦਬੀ ਵਿਰਾਸਤ"
ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ
ਸਾਹਿਤਕ ਮੰਚ (ਰਜਿ.), ਪੰਜਾਬ

| ਅਮਰਜੀਤ ਸਿੰਘ ਦਸੂਹਾ | ਭੁਪਿੰਦਰ ਸਿੰਘ ਰਾਜਾ | ਗੁਰਪ੍ਰੀਤ ਪ੍ਰੀਤ ਹੈਪੀ ਸਹੋਤਾ |
|---|---|---|
| ਪ੍ਰਬੰਧਕੀ ਸੰਪਾਦਕ | ਮੁੱਖ ਸੰਪਾਦਕ | ਇੰਚਾਰਜ |
| 89689 33711 | 98720 79212 | 98558 13187 |




ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212

